# ਸਾਂਝੀ ਵਿਰਾਸਤ

ਜਿਲਦ 1 ਅੰਕ 7

2022

ਸਾਵਣ (ਜੁਲਾਈ)



## ਪੰਜਾਬੀ ਭਾਸ਼ਾ, ਸਭਿਅਤਾ ਅਤੇ ਵਿਰਾਸਤ ਦਾ ਮਾਸਿਕ ਮੈਗਜ਼ੀਨ

A monthly non-political, not-for-profit magazine of Panjabi Language, Culture and Heritage

**sanjhivirasat.org**

www.sanjhivirasat.org

## ਤਤਕਰਾ


| | | | |
|---|---|---|---|
| 1. | ਸੰਪਾਦਕੀ ਮੰਡਲ | ਸਾਂਝੀ ਵਿਰਾਸਤ | 3 |
| 2. | ਸੰਪਾਦਕੀ ਨੋਟ | ਮੁਖ ਸੰਪਾਦਕ | 4 |
| 3. | ਬਾਰਹ ਮਾਹਾ ਮਾਂਝ ਵਿਚੋਂ ਸ਼ਬਦ ਦੀ ਵਿਆਖਿਆ | ਕਰਮਜੀਤ ਸਿੰਘ ਨੂਰ | 5 |
| 4. | ਦੋਹੇ (ਕੁਦਰਤ ਬਾਰੇ) | ਗੁਰਦੀਸ਼ ਕੌਰ ਗਰੇਵਾਲ | 7 |
| 5. | ਪੰਜਾਬ ਫਿਰ ਨੰਬਰ ਵਨ ਉਤੇ, ਕੈਂਸਰ ਸਦਕਾ | ਹਰਸ਼ਿੰਦਰ ਕੌਰ | 8 |
| 6. | ਜੁਲਾਈ ਦਾ ਮਹੀਨਾ | ਰੂਬੀਨਾ ਸਿੰਘ | 10 |
| 7. | ਦਲ-ਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ-ਪਰਉਪਕਾਰੀ | ਅਮ੍ਰਿਤਪਾਲ ਕੌਰ | 11 |
| 8. | ਕਰਮਾਂ ਦਾ ਬੀਜ | ਗੁਰਦੀਸ਼ ਕੌਰ ਗਰੇਵਾਲ | 13 |
| 9. | ਪੰਜਾਬੀ ਕਹਾਵਤਾਂ ਤੋਂ ਦਿਲਚਸਪ ਜਾਣਕਾਰੀ | ਨਰਿੰਦਰ ਕੌਰ | 14 |
| 10. | ਗੁਰਬਾਣੀ ਵਿਚਾਰ | ਬ੍ਰਿਜਮਿੰਦਰ ਕੌਰ | 16 |
| 11. | ਸਤਿਨਾਮ ਕਰਤਾਰ | ਦਲਵਿੰਦਰ ਸਿੰਘ ਗ੍ਰੇਵਾਲ | 17 |
| 12. | ਗੈਲੀਪੋਲੀ ਦੀ ਲੜਾਈ | ਸੁਰਜੀਤ ਸਿੰਘ ਭੱਟੀ | 18 |
| 13. | ਸਾਨੂੰ ਇੰਨ੍ਹਾਂ ਤੇ ਮਾਣ ਹੈ | - | 20 |
| 14. | ਸ਼ਹੀਦਾਂ ਦੇ ਸਿਰਤਾਜ | ਪਲਵਿੰਦਰ ਸਿੰਘ ਰੰਧਾਵਾ | 23 |
| 15. | ਸਬਰ - ਸੰਤੋਖ | ਬਲਕਾਰ ਸਿੰਘ | 24 |
| 16. | ਮਹਿੰਗੀ ਪਈ ਪੰਜਾਬ ਨੂੰ ਆਜ਼ਾਦੀ | ਸੀਮਾ ਸੰਧੂ | 25 |
| 17. | ਆਜ਼ਾਦੀ | ਮਨਪ੍ਰੀਤ ਕੌਰ ਭਾਟੀਆ | 27 |
| 18. | ਈ-ਦੀਵਾਨ ਸੁਸਾਇਟੀ (ਕੈਲਗਰੀ) ਕੀਰਤਨ | ਰਾਜਾ ਬਲਰਾਜ ਸਿੰਘ | 28 |
| 19. | ਪੰਜਵੇਂ ਪਾਤਸ਼ਾਹ ਦੀ ਸ਼ਹਾਦਤ ਤੇ ਮੀਰੀ-ਪੀਰੀ ਦਿਵਸ | (ਕਵੀ ਦਰਬਾਰ) | 29 |
| 20. | ਕਵੀ ਦਰਬਾਰ (4 ਤੇ 11 ਜੂਨ 2022) ਦਾ ਪ੍ਰੈਸ ਨੋਟ | ਗੁਰਦੀਸ਼ ਕੌਰ ਗਰੇਵਾਲ | 31 |
| 21. | ਜੁਲਾਈ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ | - | 33 |
| 22. | ਲੇਖਕਾਂ ਲਈ ਜ਼ਰੂਰੀ ਜਾਣਕਾਰੀ | - | 35 |
| 23. | ਸਾਡੇ ਸਲਾਹਕਾਰ | - | 37 |

# ਸੰਪਾਦਕੀ ਮੰਡਲ

## Editorial Board

1. ਡਾ. ਰਾਜਾ ਬਲਰਾਜ ਸਿੰਘ — ਕੈਲਗਰੀ (ਕੈਨੇਡਾ)
2. ਸ੍ਰੀਮਤੀ ਗੁਰਦੀਸ਼ ਕੌਰ ਗਰੇਵਾਲ — ਕੈਲਗਰੀ (ਕੈਨੇਡਾ)
3. ਪ੍ਰੋਫ਼ੈਸਰ ਮਨਿੰਦਰ ਸਿੰਘ — ਐਡਮਿੰਟਨ (ਕੈਨੇਡਾ)
4. ਡਾ. ਕਾਬਲ ਸਿੰਘ — ਐਡਮਿੰਟਨ (ਕੈਨੇਡਾ)
5. ਡਾ. ਬਲਦੇਵ ਸਿੰਘ — ਐਡਮਿੰਟਨ (ਕੈਨੇਡਾ)
6. ਸ. ਜਗਬੀਰ ਸਿੰਘ ਕੋਹਲੀ — ਕੈਲਗਰੀ (ਕੈਨੇਡਾ)
7. ਸ. ਪਰਮਜੀਤ ਸਿੰਘ — ਟੋਰੋਂਟੋ (ਕੈਨੇਡਾ)
8. ਪ੍ਰਿੰਸੀਪਲ ਮਨਮੋਹਨ ਕੌਰ — ਕੈਲਗਰੀ (ਕੈਨੇਡਾ)
9. ਡਾ. ਰਾਜਬੀਰ ਸਿੰਘ ਭੱਟੀ — ਕੈਲਗਰੀ (ਕੈਨੇਡਾ)
10. ਡਾ. ਸੁਰਜੀਤ ਸਿੰਘ ਭੱਟੀ (ਮੁਖ ਸੰਪਾਦਕ) — ਕੈਲਗਰੀ (ਕੈਨੇਡਾ)

**ਸਲਾਹਕਾਰ:**

1. ਡਾ. ਕਾਲਾ ਸਿੰਘ — ਵੈਨਕੂਵਰ (ਕੈਨੇਡਾ)
2. ਡਾ. ਦਵਿੰਦਰ ਸਿੰਘ ਸੇਖੋਂ — ਵਿੰਡਸਰ (ਕੈਨੇਡਾ)
3. ਡਾ. ਦਵਿੰਦਰ ਪਾਲ ਸਿੰਘ — ਮਿਸੀਸਾਗਾ (ਕੈਨੇਡਾ)
4. ਡਾ. ਜਗਜੀਤ ਸਿੰਘ — ਵੈਨਕੂਵਰ (ਕੈਨੇਡਾ)
5. ਸ਼੍ਰੀ ਰਿਸ਼ੀ ਨਾਗਰ — ਕੈਲਗਰੀ (ਕੈਨੇਡਾ)
6. ਸ. ਯੁਵਰਾਜ ਸਿੰਘ — ਕੈਲਗਰੀ (ਕੈਨੇਡਾ)

## ਸੰਪਾਦਕੀ ਨੋਟ

ਇਸ ਮਹੀਨੇ ਵਿਚ ਤਿੰਨ ਮਹੱਤਵਪੂਣ ਦਿਨ ਮਨਾਏ ਜਾਂਦੇ ਹਨ। ਇੱਕ (9 ਜੁਲਾਈ) ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਵਲੋਂ ਦੋ ਤਲਵਾਰਾਂ ਪਹਿਨ ਕੇ 'ਮੀਰੀ ਅਤੇ ਪੀਰੀ' ਦਾ ਅਦੁਤੀ ਸੰਕਲਪ ਸੰਸਾਰ ਨੂੰ ਦੇਣ ਨਾਲ ਸੰਬੰਧਤ ਹੈ। ਇਹੋ ਦਿਨ ਭਾਈ ਮਨੀ ਸਿੰਘ ਦੀ ਸ਼ਹੀਦੀ ਦੀ ਯਾਦ ਤਾਜ਼ਾ ਕਰਾਉਂਦਾ ਹੈ ਜਿਨ੍ਹਾਂ ਨੇ ਧਰਮ ਦੀ ਰੱਖਿਆ ਹਿਤ ਬੇਮਿਸਾਲ ਦਲੇਰੀ ਨਾਲ ਬੰਦ ਬੰਦ ਕਟਾਉਣਾ ਪਰਵਾਨ ਕੀਤਾ। ਦੂਸਰਾ ਮਹੱਤਵਪੂਰਣ ਦਿਨ (16 ਜੁਲਾਈ) ਭਾਈ ਤਾਰੂ ਸਿੰਘ ਦੀ ਸ਼ਹੀਦੀ ਦਾ ਹੈ ਜਿਨ੍ਹਾਂ ਨੂੰ ਚਰਖੜੀਆਂ ਤੇ ਚੜ੍ਹਾਇਆ ਗਿਆ ਪਰ ਉਨ੍ਹਾਂ ਧਰਮ ਨਹੀਂ ਛਡਿਆ ਅਤੇ ਸਿੱਖੀ ਕੇਸਾਂ-ਸਵਾਸਾਂ ਨਾਲ ਨਿਬਾਹੀ। ਇਸੇ ਦਿਨ ਸਾਵਣ ਦਾ ਮਹੀਨਾ ਸ਼ੁਰੂ ਹੁੰਦਾ ਹੈ। ਤੀਜਾ ਪੁਰਬ (22 ਜੁਲਾਈ ਨੂੰ) ਅਠਵੇਂ ਪਾਤਸ਼ਾਹ ਗੁਰੂ ਹਰਕ੍ਰਿਸ਼ਨ ਸਾਹਿਬ ਦੇ ਅਵਤਾਰ ਦਿਹਾੜੇ ਤੇ ਮਨਾਇਆ ਜਾਂਦਾ ਹੈ।

ਜੁਲਾਈ ਵਿਚ ਉਤੱਰੀ ਅਮਰੀਕਾ ਦੇ ਦੋ ਮੁਲਕਾਂ ਦੇ ਲੋਕ ਆਪਣੇ ਰਾਸ਼ਟ੍ਰੀ ਦਿਨ ਮਨਾਂਦੇ ਹਨ। ਕੈਨੇਡਾ ਦੀ 'ਸੰਵਿਧਾਨਕ ਸਥਾਪਨਾ' ਦਾ ਕਾਨੂੰਨ (1867 ਵਿਚ) ਅਤੇ ਕੌਮੀ ਗੀਤ 'ਓ ਕੈਨੇਡਾ' (1980 ਵਿਚ) ਪਹਿਲੀ ਜੁਲਾਈ ਨੂੰ ਹੋਂਦ ਵਿਚ ਆਏ ਸਨ। ਅਮਰੀਕਾ ਆਪਣਾ ਆਜ਼ਾਦੀ ਦਿਨ 4 ਜੁਲਾਈ ਨੂੰ ਮਨਾਉਂਦਾ ਹੈ ਜਦੋਂ (1776 ਵਿਚ) ਉਸ ਦੀਆਂ ਬਸਤੀਆਂ ਬ੍ਰਿਟੇਨ ਤੋਂ ਮੁਕਤ ਹੋਈਆਂ ਸਨ। ਇਸ ਤੋਂ ਇਲਾਵਾ, ਅੰਤਰ-ਰਾਸ਼ਟ੍ਰੀ ਪੱਧਰ ਤੇ ਜੁਲਾਈ ਦਾ ਤੀਸਰਾ ਐਤਵਾਰ 'ਮਾਤਾ-ਪਿਤਾ' ਨੂੰ ਸਮਰਪਿਤ ਹੁੰਦਾ ਹੈ ਜਿਸ ਦਿਨ ਉਨ੍ਹਾਂ ਦੀ ਬੱਚਿਆਂ ਲਈ ਕੀਤੀਆਂ ਘਾਲਣਾਵਾਂ ਲਈ ਧੰਨਵਾਦ ਕੀਤਾ ਜਾਂਦਾ ਹੈ।

ਬੜੇ ਮਾਣ ਦੀ ਗਲ ਹੈ ਕਿ ਬਲਜੀਤ ਕੌਰ ਭਾਰਤ ਦੀ ਪਹਿਲੀ ਇਸਤ੍ਰੀ ਬਣ ਗਈ ਜਿਸ ਨੇ 25 ਦਿਨਾਂ ਵਿਚ ਲਗਾਤਾਰ ਚਾਰ ਚੋਟੀਆਂ ਫਤਿਹ ਕੀਤੀਆਂ ਜਿਨ੍ਹਾਂ ਦੀ ਉਚਾਈ 8000 ਮੀਟਰ ਤੋਂ ਵਧ ਹੈ।ਇਨ੍ਹਾਂ ਵਿਚੋਂ ਇੱਕ 8516 ਮੀਟਰ ਦੀ ਉਚਾਈ ਤੇ ਹੈ ਜੋ 8849 ਮੀਟਰ ਉਚਾਈ ਵਾਲੇ ਐਵਰੈਸਟ ਤੋਂ ਬਾਦ ਦੁਨੀਆਂ ਵਿਚ ਚੌਥੇ ਨੰਬਰ ਤੇ ਹੈ। ਦੋ ਸਿੱਖ ਅਫ਼ਸਰਾਂ ਤੇ ਇੱਕ ਸਿੱਖ ਨੌਜਵਾਨ ਨੂੰ ਮਿਲੇ ਵਿਸ਼ੇਸ਼ ਸਨਮਾਨਾਂ ਦਾ ਜ਼ਿਕਰ ਵੀ ਕੀਤਾ ਗਿਆ ਹੈ।

ਇਸ ਅੰਕ ਵਿਚ ਈ-ਦੀਵਾਨ ਕੈਲਗਰੀ ਵਲੋਂ ਕਰਵਾਏ ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਅਤੇ 'ਮੀਰੀ-ਪੀਰੀ ਦਿਵਸ' ਨੂੰ ਸਮਰਪਿਤ ਇੰਟਰ-ਨੈਸ਼ਨਲ ਕਵੀ ਦਰਬਾਰ ਦੀ ਰਿਪੋਰਟ ਵੀ ਦਿੱਤੀ ਗਈ ਹੈ।

ਜੋ ਲੇਖਕ / ਕਵੀ ਪੰਜਾਬੀ ਭਾਸ਼ਾ, ਸਭਿੱਅਤਾ, ਇਤਿਹਾਸ ਜਾਂ ਵਿਰਾਸਤ ਬਾਰੇ (ਅਗਲੇ ਅੰਕਾਂ ਲਈ) ਕੋਈ ਰਚਨਾ (ਲੇਖ, ਮਿੰਨੀ ਕਹਾਣੀ, ਆਪ-ਬੀਤੀ ਜਾਂ ਕਵਿਤਾ) ਭੇਜਣਾ ਚਾਹੁੰਦੇ ਹਨ ਉਹ ਹਰ ਮਹੀਨੇ ਦੀ 10 ਤਾਰੀਖ ਤਕ ਭੇਜਣ ਦੀ ਕ੍ਰਿਪਾਲਤਾ ਕਰਨ। ਕਿਸੇ ਧਰਮ, ਸੰਸਥਾਂ ਜਾਂ ਪਾਰਟੀ ਵਿਰੁੱਧ ਲੇਖ ਨਹੀਂ ਛਾਪੇ ਜਾਣਗੇ। ਨਾ ਹੀ ਕਿਸੇ ਰਾਜਨੀਤਿਕ ਜਾਂ ਵਿਵਾਦ-ਗ੍ਰਸਤ ਇਅਕਤੀ ਬਾਰੇ ਜ਼ਿਕਰ ਜਾਂ ਕੋਈ ਲਿਖਤ ਪਰਵਾਨ ਹੋਵੇਗੀ। ਲਿਖਤਾਂ ਵੈਬਸਾਈਟ ਤੇ ਦਿੱਤੇ ਇੰਨ੍ਹਾਂ ਵਿਸ਼ਿਆਂ ਤੇ ਹੀ ਹੋਣ। ਇਕਸਾਰਤਾ ਲਈ ਜ਼ਰੂਰੀ ਜਾਣਕਾਰੀ ਅੰਤਲੇ ਪੰਨੇ ਤੇ ਦਿੱਤੀ ਗਈ ਹੈ ਅਤੇ ਸਾਡੇ ਵੈਬਸਾਈਟ (sanjhivirasat.org) ਤੋਂ ਵੀ ਮਿਲ ਸਕਦੀ ਹੈ। ਅਨਮੋਲ ਲਿਪੀ ਵਿਚ ਲਿਖਤਾਂ ਪਹਿਲੇ ਛਪਣਗੀਆਂ।

ਮੈਗਜ਼ੀਨ ਲਈ ਰਚਨਾ ਦੋ ਪਨਿੰਆਂ ਤਕ ਹੋਵੇ। ਇਸ ਤੋਂ ਲੰਬੇ ਲੇਖ (ਇਸ ਵੈਬਸਾਈਟ ਦੇ) 'ਬਲਾਗ' ਉਤੇ ਪਾਏ ਜਾ ਸਕਦੇ ਹਨ ਜਾਂ ਮੈਗਜ਼ੀਨ ਵਿਚ ਲੜੀਵਾਰ ਛਾਪੇ ਜਾ ਸਕਦੇ ਹਨ। ਲੇਖਕ (ਜੇ ਚਾਹੁਣ ਤਾਂ) ਆਪਣੀ ਫੋਟੋ, ਆਪਣਾ (ਈ-ਮੇਲ, ਵੱਟਸਐਪ ਜਾਂ ਫੋਨ ਨੰਬਰ), ਅਤੇ ਆਪਣੇ ਬਾਰੇ ਸੰਖੇਪ ਜਾਣਕਾਰੀ ਵੀ ਭੇਜ ਸਕਦੇ ਹਨ। ਪਾਠਕਾਂ ਅਤੇ ਲੇਖਕਾਂ ਦੇ ਸੁਝਾਵਾਂ ਦਾ ਸਵਾਗਤ ਹੈ। ਆਸ ਹੈ ਪਹਿਲੇ ਵਾਂਗ ਇਹ ਅੰਕ ਵੀ ਪਾਠਕਾਂ ਲਈ ਜਾਣਕਾਰੀ-ਭਰਪੂਰ ਹੋਵੇਗਾ। ਧੰਨਵਾਦ।

ਪ੍ਰੋਫ਼ੈਸਰ ਡਾ. ਸੁਰਜੀਤ ਸਿੰਘ ਭੱਟੀ, ਮੁੱਖ ਸੰਪਾਦਕ

**(surjitsingh.bhatti@gmail.com)**

## ਬਾਰਹ ਮਾਹਾ ਮਾਂਝ ਵਿੱਚੋਂ ਸ਼ਬਦ ਦੀ ਵਿਆਖਿਆ

## ਸਾਵਣ ਮਹੀਨੇ ਦਾ ਪਾਠ

### ੴ ਸਤਿਗੁਰ ਪ੍ਰਸਾਦਿ

ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ ॥

ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ ॥

ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ ॥

ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ ॥

ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ ॥

ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ ॥

ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨ ਕੈ ਸਦ ਬਲਿਹਾਰ ॥

ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ ॥

ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ ॥੬॥

************

ਸਾਵਣ ਦਾ ਮਹੀਨਾ 16 ਜੁਲਾਈ ਤੋਂ ਸ਼ੁਰੂ ਹੁੰਦਾ ਹੈ

************

## ਸਾਵਣ ਮਹੀਨੇ ਦੇ ਸ਼ਬਦ ਦੀ ਕਾਵਿ-ਵਿਆਖਿਆ

ਕਰਮਜੀਤ ਸਿੰਘ ‘ਨੂਰ’, ਜਲੰਧਰ (ਭਾਰਤ) +91-98150-23970)



ਸਾਉਣ ਵਿੱਚ ਹੁੰਦੀ ਹਰੀ ਭਰੀ ਜੀਵ ਇਸਤਰੀ ਹੈ
ਪ੍ਰਭੂ ਚਰਨਾਂ ਦੇ ਨਾਲ ਜਿਸ ਦਾ ਪਿਆਰ ਹੈ
ਮਨ ਤਨ ਜੀਹਦਾ ਉਹਦੇ ਰੰਗ ਵਿੱਚ ਰੰਗਿਆ ਹੈ
ਜੀਹਨੂੰ ਬਸ ਇਕੋ ਸੱਚੇ ਨਾਮ ਦਾ ਆਧਾਰ ਹੈ
ਮਾਇਆ ਵਾਲੇ ਰੰਗ ਝੂਠੇ ਜਾਪਦੇ ਨੇ ਉਨ੍ਹਾਂ ਤਾਈਂ
ਝੂਠਿਆਂ ਪਦਾਰਥਾਂ ਨੂੰ ਸਮਝਦੇ ਨੇ ਖ਼ਾਕ ਹੈ
ਬੂੰਦ ਹਰੀ ਨਾਮ ਵਾਲੀ ਅੰਮ੍ਰਿਤ ਸਮਾਨ ਜਾਪੇ
ਰੱਬ ਦੇ ਪਿਆਰਿਆਂ ਦੀ ਇਹੋ ਹੀ ਖੁਰਾਕ ਹੈ
ਖਿੜੀ ਹੈ ਬਨਾਸਪਤੀ ਪ੍ਰਭੂ ਸੰਗ ਸਦਕਾ ਹੀ

ਸਾਰੀਆਂ ਹੀ ਸ਼ਕਤੀਆਂ ਦਾ ਮਾਲਕ ਜੋ ਆਪ ਹੈ
ਸਾਰਿਆਂ ਦਾ ਮਨ ਉਹਨੂੰ ਮਿਲਣ ਲਈ ਤਰਸਦਾ ਹੈ
ਬਖਸ਼ਿਸ਼ ਦੇ ਨਾਲ ਹੁੰਦਾ ਓਸ ਦਾ ਮਿਲਾਪ ਹੈ
ਜਿਨ੍ਹਾਂ ਸਖੀਆਂ ਨੇ ਪ੍ਰਭੂ ਪਤੀ ਤਾਈਂ ਪਾ ਲਿਆ ਹੈ
ਉਨ੍ਹਾਂ ਤੋਂ ਮੈਂ ਜਾਂਵਾਂ ਬਲਿਹਾਰ ਬਲਿਹਾਰ ਜੀ
ਨਾਨਕ ਦੇ ਉੱਤੇ ਵੀ ਉਹ ਮਿਹਰ ਪਾਓ ਪ੍ਰਭੂ ਜੀਓ
ਸ਼ਬਦ ਜਗਿਆਸੂਆਂ ਨੂੰ ਦੇਂਦਾ ਏ ਸਵਾਰ ਜੀ
ਸਾਉਣ ਦਾ ਮਹੀਨਾ ਨੂਰ ਸ਼ੋਭਦਾ ਸੁਹਾਗਣਾਂ ਨੂੰ
ਪਾਇਆ ਜਿਨ੍ਹਾਂ ਗਲੀਂ ਰਾਮ ਨਾਮ ਵਾਲਾ ਹਾਰ ਜੀ

# ਦੋਹੇ (ਕੁਦਰਤ ਬਾਰੇ)

ਗੁਰਦੀਸ਼ ਕੌਰ ਗਰੇਵਾਲ- ਕੈਲਗਰੀ
ਵਟਸਐਪ: +91 98728 60488



ਦੇਸ਼ ਕਨੇਡਾ ਜਾਪਦਾ, ਕੁਦਰਤ ਦਾ ਵਰਦਾਨ।
ਤੱਕ ਸੁਹੱਪਣ ਏਸਦਾ, ਰੂਹ ਜਾਏ ਕੁਰਬਾਨ।

ਪਰਬਤ ਹਿੱਕਾਂ ਚੀਰ ਕੇ, ਝਰਨੇ ਵੱਗੀ ਜਾਣ,
ਕਲਕਲ ਦਾ ਸੰਗੀਤ ਇਹ, ਕਰਦਾ ਹੈ ਗੁਣਗਾਨ।

ਪਹਿਨੇ ਉੱਚੀਆਂ ਚੋਟੀਆਂ, ਚਾਂਦੀ ਰੰਗੇ ਮੁਕਟ,
ਲੈ ਹਰੀਆਂ ਫੁਲਕਾਰੀਆਂ, ਬੁੱਕਲ ਮਾਰੀ ਘੁੱਟ।

ਵਿੰਗ ਵਲੇਵੇਂ ਖਾਂਦੀਆਂ, ਪਰਬਤ ਸੀਨੇ ਚੀਰ,
ਜਿਹਨਾਂ ਬਣਾਏ ਹਾਈਵੇਅ, ਧੰਨ ਉਹ ਮੇਰੇ ਵੀਰ।

ਮੋਟਰ ਬੋਟ ਤੇ ਕਿਸ਼ਤੀਆਂ, ਪਾਣੀ ਦੇ ਵਿਚਕਾਰ,
ਆਪਣੀ ਚਾਲੇ ਚਲਦੀਆਂ, ਜਿਉਂ ਹੰਸਾਂ ਦੀ ਡਾਰ।

ਨੰਗੇ ਪੈਰੀਂ ਤੁਰਨ ਦਾ, ਵੱਖਰਾ ਇੱਕ ਅਹਿਸਾਸ,
ਮਿੱਟੀ ਦੇ ਸੰਗ ਜੁੜਦਿਆਂ, ਮਿਲਦਾ ਹੈ ਧਰਵਾਸ।

ਪਰਬਤ ਪੈਰੀਂ ਨੱਚਦੀ, ਨ੍ਹਾਤੀ ਧੋਤੀ ਲੇਕ।
ਆਸੇ ਪਾਸੇ ਵੱਸਿਆ, 'ਦੀਸ਼' ਕਲੋਨਾ ਵੇਖ।

ਬੰਦ ਘਰਾਂ ਦੇ ਵਾਸੀਓ, ਸਮਰ ਦਾ ਲਓ ਆਨੰਦ,
ਕਾਦਰ ਕੁਦਰਤ ਵੱਸਦਾ, ਜੋੜੋ ਮੋਹ ਦੀ ਤੰਦ।

## ਪੰਜਾਬ ਹਿਤੈਸ਼ੀਓ! ਪੰਜਾਬ ਫਿਰ ਨੰਬਰ ਵਨ ਉੱਤੇ, ਕੈਂਸਰ ਸਦਕਾ! ਆਓ ਝਾਤ ਮਾਰੀਏ!

ਡਾ. ਹਰਸ਼ਿੰਦਰ ਕੌਰ, ਪਟਿਆਲਾ (ਭਾਰਤ)



1. ਕੈਂਸਰ ਨੇ ਪੰਜਾਬ ਦੇ ਪਿੰਡਾਂ ਵਿਚ ਮਚਾਈ ਤਬਾਹੀ। ਕਾਰਨ - ਕੀਟਨਾਸ਼ਕ ਸਪਰੇਅ ਵਿਚਲੇ ਕੈਮੀਕਲ!

2. ਤਥ ਸਾਬਤ ਹੋ ਜਾਣ ਉੱਤੇ ਕੀਟਨਾਸ਼ਕ ਸਪਰੇਅ ਗਲਾਫੋਸੇਟ ਉੱਤੇ ਪੰਜਾਬ ਵਿਚ ਪਾਬੰਦੀ! ਇਸ ਕੀਟਨਾਸ਼ਕ ਸਦਕਾ ਜਿਗਰ ਹੋ ਰਹੇ ਫੇਲ੍ਹ ਅਤੇ ਕੈਂਸਰ ਵਿਚ ਭਾਰੀ ਵਾਧਾ! (ਟਾਈਮਜ਼ ਆਫ਼ ਇੰਡੀਆ, 25 ਅਕਤੂਬਰ 2018)

3. ਪੰਜਾਬ ਵਿਚ ਕੈਂਸਰ ਫੈਲਾਉਂਦੇ ਕੀਟਨਾਸ਼ਕਾਂ ਵਿਚ ਕੋਈ ਰੋਕ ਨਹੀਂ! (ਇੰਡੀਅਨ ਐਕਸਪ੍ਰੈਸ)

4. ਪੰਜਾਬ ਦੀ ਧਰਤੀ ਹੁਣ ਜ਼ਹਿਰ ਉਗਲਣ ਲਗ ਪਈ। ਪੰਜਾਂ ਦਰਿਆਵਾਂ ਦੀ ਧਰਤੀ ਦੇ ਪਾਣੀ, ਹਵਾ ਅਤੇ ਜ਼ਮੀਨ ਦੇ ਹੇਠਾਂ ਵੀ ਜ਼ਹਿਰੀਲੇ ਕੈਮੀਕਲਾਂ ਦਾ ਭੰਡਾਰ ਜਮ੍ਹਾਂ ਹੈ।(ਇੰਡੀਆ ਵਾਟਰ ਪੋਰਟਲ, 21 ਨਵੰਬਰ 2019)

5. ਮਾਲਵਾ ਕੀਟਨਾਸ਼ਕ ਸਪਰੇਅ ਦਾ ਭੰਡਾਰ - ਭਾਰਤ ਦਾ 'ਕੈਂਸਰ ਕੈਪੀਟਲ'! ਪੂਰੇ ਪੰਜਾਬ ਵਿਚ ਵਰਤੇ ਜਾ ਰਹੇ ਕੈਮੀਕਲਾਂ ਦਾ 75 % ਹਿੰਸਾ ਸਿਰਫ਼ ਮਾਲਵਾ ਵਿਚ ਹੀ ਵਰਤਿਆ ਜਾ ਰਿਹਾ ਹੈ। ਪਿਛਲੇ 10 ਸਾਲਾਂ ਵਿਚ ਕੈਂਸਰ ਦੇ ਕੇਸਾਂ ਵਿਚ ਤਿੰਨ ਗੁਣਾ ਵਾਧਾ ਰਿਕਾਰਡ। ਏਸੇ ਹੀ ਦੌਰਾਨ 6 ਖੋਜਾਂ ਵਿਚ ਮਾਲਵਾ ਦੇ ਲੋਕਾਂ ਦੀ ਲਿਆਕਤ ਅਤੇ ਬੱਚੇ ਜੰਮਣ ਦੀ ਸਮਰਥਾ ਘਟੀਆਂ। ਹਵਾ, ਪਾਣੀ, ਮਿਟੀ ਅਤੇ 'ਫੂਡ-ਚੇਨ' (ਉਪਜ) ਵਿਚ ਭਾਰੀ ਮਾਤਰਾ ਵਿਚ ਕੀਟਨਾਸ਼ਕਾਂ ਦੇ ਅੰਸ਼ ਮਿਲੇ।

6. ਮਾਲਵੇ ਦੇ ਦੋ ਪਿੰਡਾਂ-ਅਰਨੇਤੂ (ਪਟਿਆਲਾ ਜ਼ਿਲ੍ਹਾ) ਅਤੇ ਵਲੀਪੁਰ (ਲੁਧਿਆਣਾ ਜ਼ਿਲ੍ਹਾ) ਉੱਤੇ ਹੋਈ, 'ਐਗਰੀਕਲਚਰਲ ਸਾਈਂਸਿਸ' ਜਰਨਲ ਵਿਚ ਛਪੀ, । ਦੋਨਾਂ ਪਿੰਡਾਂ ਦੇ 81 % ਲੋਕ ਮੰਨੇ ਕਿ ਉਹ ਲੋੜੋਂ ਵਧ ਕੀਟਨਾਸ਼ਕ ਵਰਤ ਰਹੇ ਹਨ। ਕਣਕ ਬੀਜਣ ਲਗਿਆਂ 'ਸੀਜ਼ਨ' ਦੌਰਾਨ ਹੀ ਤਿੰਨ ਵਾਰ ਸਪਰੇਅ ਕੀਤਾ ਗਿਆ। ਮੀਂਹ ਦੇ ਬਾਦ ਧਰਤੀ ਹੇਠਲਾ ਪਾਣੀ ਕੀਟਨਾਸ਼ਕਾਂ ਤੇ ਫੈਕਟਰੀਆਂ ਦੀ ਗੰਦਗੀ ਤੋਂ ਪ੍ਰਦੂਸ਼ਿਤ ਹੋਇਆ।

ਸਬਜ਼ੀਆਂ ਅਤੇ ਦਾਲਾਂ ਵਿਚ ਕਰੋਮੀਅਮ, ਮੈਂਗਨੀਜ਼, ਨਿਕਲ, ਕੌਪਰ, ਸਿਕਾ, ਕੈਡਮੀਅਮ ਅਤੇ ਯੂਰੇਨੀਅਮ ਭਾਰੀ ਮਾਤਰਾ ਵਿਚ ਲਭੇ ਜੋ ਇਨਸਾਨੀ ਸਰੀਰ ਕਿਸੇ ਵੀ ਹਾਲ ਵਿਚ ਜਰ ਹੀ ਨਹੀਂ ਸਕਦਾ।ਘੱਗਰ ਨਦੀ ਦੇ ਪਾਣੀ ਵਿਚ ਵੀ ਇਹੋ ਸਾਰੇ ਜ਼ਹਿਰੀਲੇ ਤੱਤ ਅਤੇ ਐਂਟੀਮਨੀ, ਸਟਰੌਂਸ਼ੀਅਮ, ਜ਼ਿੰਕ, ਟਿਨ, ਟਾਈਟੇਨੀਅਮ ਲਭੇ ਹਨ, ਜੋ ਜਰ ਸਕਣ ਦੀ ਹਦ ਤੋਂ 100 ਗੁਣਾ ਵਧ ਹਨ।ਇਨ੍ਹਾਂ ਤੋਂ ਜਿਗਰ, ਗੁਰਦੇ, ਦਿਮਾਗ਼, ਦਿਲ ਦੇ ਰੋਗਾਂ ਸਮੇਤ ਕੈਂਸਰ ਤੇ ਹੈਪਾਟਾਈਟਿਸ ਵੀ ਭਾਰੀ ਮਾਤਰਾ ਵਿਚ ਹੋ ਰਿਹਾ ਹੈ, ਜਿਸ ਨਾਲ ਪੀੜਤ ਲੋਕ ਲਗਭਗ ਹਰ ਘਰ ਵਿਚ ਸਨ। ਅਨੇਕ ਬੱਚੇ ਜੰਮਦੇ ਹੀ ਜਾਂ ਗਰਭ ਵਿਚ ਹੀ ਮਰ ਗਏ ਜਾਂ ਵਕਤ ਤੋਂ ਪਹਿਲਾਂ ਜੰਮੇ। ਇਨ੍ਹਾਂ ਦੀ ਬਾਕੀ ਪੰਜਾਬ ਨਾਲੋਂ 5 ਗੁਣਾ ਵਧ ਗਿਣਤੀ ਸੀ।

ਅਨੇਕਾਂ ਬੱਚੇ ਕਮਜ਼ੋਰ ਯਾਦਦਾਸ਼ਤ ਜਾਂ ਮੰਦਬੁਧੀ ਵਾਲੇ ਲਭੇ। ਕੁਝ ਦੇ ਦੰਦਾਂ ਦੁਆਲੇ ਜਬਾੜੇ ਉੱਤੇ ਨੀਲੀ ਲਕੀਰ ਜਾਂ ਦਾਗ਼ ਸੀ ਅਤੇ ਸਭ ਨੂੰ ਢਿੱਡ ਅਤੇ ਅੰਤੜੀਆਂ ਦੀਆਂ ਤਕਲੀਫ਼ਾਂ ਸਨ। ਇਨ੍ਹਾਂ ਦੇ ਸਰੀਰਾਂ ਵਿਚ ਮਾੜੇ ਕੈਮੀਕਲ ਲਭੇ ਪਰ ਇਨ੍ਹਾਂ ਨੂੰ ਇਹ ਅੰਦਾਜ਼ਾ ਹੀ ਨਹੀਂ ਸੀ ਕਿ ਇਹ ਉਨ੍ਹਾਂ ਦੇ ਆਪਣੇ ਹੀ ਵਰਤੇ ਵਾਧੂ ਕੀਟਨਾਸ਼ਕਾਂ ਤੋਂ ਹੋ ਰਹੇ ਹਨ। ਇਨ੍ਹਾਂ ਕਿਸਾਨਾਂ ਨੂੰ ਆਰਗੈਨਿਕ ਖਾਦਾਂ ਬਾਰੇ ਪੂਰੀ ਜਾਣਕਾਰੀ ਨਹੀਂ ਸੀ ਤੇ ਉਹ ਕੀਟਨਾਸ਼ਕਾਂ ਨੂੰ ਛਡਣ ਬਾਰੇ ਹਿਚਕਿਚਾ ਰਹੇ ਸਨ।

7. ਸਾਈਲੈਂਟ ਫੀਲਡਜ਼ (2 ਜੂਨ 2015) ਮੁਤਾਬਿਕ ਪੰਜਾਬ ਵਿਚ ਪੈਸਟੀਸਾਈਡ ਨੇ ਬੱਚਿਆਂ ਨੂੰ ਨਿਗਲਣਾ ਸ਼ੁਰੂ ਕੀਤਾ। ਖੂਹਾਂ ਦੇ ਪਾਣੀ ਇਹ "ਟੌਕਸਿਕ ਕੌਕਟੇਲ" ਭਰੇ ਪਏ ਹਨ ਤੇ 20 % ਵਿਚ ਨਾਈਟਰੇਟ 50 ਮਿਲੀਗ੍ਰਾਮ ਪ੍ਰਤੀ ਲਿਟਰ ਤੋਂ ਕਈ ਗੁਣਾ ਵਧ ਹੋਣ ਨਾਲ ਬੱਚਿਆਂ ਵਿਚ 'ਬਲੂ ਬੇਬੀ ਸਿੰਡਰੋਮ' ਬੀਮਾਰੀ (ਨੀਲਾ ਪੈ ਜਾਣਾ) ਦਿਸਣ ਲਗ ਪਈ ਹੈ।

8. ਆਲ ਇੰਡੀਆ ਇੰਸਟੀਚਿਊਟ ਦਿੱਲੀ ਵਿਚ ਬੱਚਿਆਂ ਅੰਦਰ ਸਿੱਕੇ, ਨਿਕਲ ਅਤੇ ਆਰਸੈਨਿਕ ਦੇ ਅੰਸ਼ ਮਿਲੇ।ਆਂਧਰਾ ਪ੍ਰਦੇਸ ਦੇ ਇਲੂਰੂ ਇਲਾਕੇ ਵਿਚ ਇਕੋ ਸਮੇਂ 600 ਲੋਕ ਹਸਪਤਾਲ ਦਾਖਲ ਹੋਏ ਜਿਨ੍ਹਾਂ ਅੰਦਰ ਸਬਜ਼ੀਆਂ ਉੱਤੇ ਛਿੜਕੇ ਜਾਣ ਵਾਲੇ ਕੀਟਨਾਸ਼ਕ ਲੱਭੇ।

9. ਸੰਗਰੂਰ ਦੀ ਜੈਸਮੀਨ ਖ਼ਾਨ ਨੇ ਆਪਣੇ 14 ਮਹੀਨੇ ਦੇ ਬੱਚੇ ਨੂੰ ਕੈਂਸਰ ਦੀ ਬੀਮਾਰੀ ਨਾਲ ਮਰਦਿਆਂ ਵੇਖਿਆ। ਪੀ.ਜੀ.ਆਈ. ਚੰਡੀਗੜ੍ਹ ਤੋਂ ਪਤਾ ਲਗਾ ਕਿ ਪਾਣੀ ਵਿਚ ਰਲੇ ਕੈਮੀਕਲਾਂ ਤੋਂ ਇਹ ਬੀਮਾਰੀ ਹੋਈ। ਹੁਣ ਗੱਡੀ ਨੰਬਰ 54703 ਬੀਕਾਨੇਰ ਵਲ 60-ਕੁ ਮਰੀਜ਼ ਕੈਂਸਰ ਦੇ ਇਲਾਜ ਲਈ ਰੋਜ਼ ਲਿਜਾ ਰਹੀ ਹੈ! (ਫਸਟ ਪੋਸਟ ਰਿਪੋਰਟ)।

10. ਪੰਜਾਬ ਵਿਚ ਪੂਰੇ ਭਾਰਤ ਨਾਲੋਂ ਵਧ ਕੈਂਸਰ ਦੇ ਮਰੀਜ਼ ਹਨ ਕਿਉਂਕਿ ਪੰਜਾਬ ਵਿਚ ਸਭ ਤੋਂ ਵਧ ਕੈਮੀਕਲ ਫਰਟੀਲਾਈਜ਼ਰ ਵਰਤੇ ਜਾ ਰਹੇ ਹਨ। ਜਿਥੇ ਪੂਰੇ ਭਾਰਤ ਵਿਚ 80 ਕੈਂਸਰ ਦੇ ਮਰੀਜ਼ ਪ੍ਰਤੀ ਇਕ ਲਖ ਲੋਕਾਂ ਵਿਚੋਂ ਹਨ, ਪੰਜਾਬ ਵਿਚ ਇਹ 90 ਹਨ। ਇਹ ਕਹਿਣਾ ਅਤਿ-ਕਥਨੀ ਨਹੀਂ ਕਿ ਪੰਜਾਬ ਵਿਚ ਅੰਨ ਨਹੀਂ, ਮੌਤ ਬੀਜੀ ਜਾਣ ਲਗ ਪਈ ਹੈ। "ਇੰਡੀਅਨ ਸਟੇਟ ਵਿਅਰ ਫਾਰਮਰਜ਼ ਸੋ ਸੀਡਜ਼ ਆਫ ਡੈੱਥ" ("ਦਾ ਗ਼ਾਰਡੀਅਨ", 1 ਜੁਲਾਈ 2019)।

11. ਅਬੋਹਰ, ਜੋਧਪੁਰ ਐਕਸਪ੍ਰੈਸ ਹੁਣ "ਕੈਂਸਰ ਟਰੇਨ" ਜਾਣੀ ਜਾਂਦੀ ਹੈ ਜਿਸ ਵਿਚ ਬੀਕਾਨੇਰ ਤੋਂ ਸਸਤੇ ਇਲਾਜ ਲਈ ਰੋਜ਼ 100 ਕੈਂਸਰ ਦੇ ਮਰੀਜ਼ ਅਤੇ 200 ਨਾਲ ਜਾਣ ਵਾਲੇ ਸਫਰ ਕਰਦੇ ਹਨ। ਕਾਰਨ 1.5 % ਦੀ ਥਾਂ 20 % ਕੀਟਨਾਸ਼ਕ ਵਰਤੇ ਜਾ ਰਹੇ ਹਨ, 18 ਨਵੇਂ ਮਰੀਜ਼ ਹਰ ਰੋਜ਼ ਕੈਂਸਰ ਦੇ ਆ ਰਹੇ ਹਨ। (ਹਾਰਵੈਸਟ ਔਫ ਕੈਂਸਰ, 8 ਫਰਵਰੀ 2021)।

12. ਭਾਰਤ ਸਰਕਾਰ ਦੀ ਰਿਪੋਰਟ ਹੈ ਕਿ 2010 - 2015 ਵਿਚ ਕੀਟਨਾਸ਼ਕਾਂ ਦੀ ਵਰਤੋਂ ਵਿਚ 50 % ਵਾਧਾ ਹੋਇਆ, ਜੋ ਮਹਾਰਾਸ਼ਟਰ ਤੇ ਉੱਤਰ ਪ੍ਰਦੇਸ ਤੋਂ ਬਾਦ ਪੰਜਾਬ ਵਿਚ ਸੀ ਤੇ 'ਪਰ ਹੈਕਟੇਅਰ' ਪੂਰੇ ਭਾਰਤ ਵਿਚੋਂ ਪੰਜਾਬ ਪਹਿਲੇ ਨੰਬਰ ਉੱਤੇ ਹੈ! ਹਰੀਕੇ ਵਿਚ ਮੱਛੀਆਂ, ਪੰਛੀ, ਕੀਟ-ਪਤੰਗੇ, ਬੂਟੇ ਅਤੇ ਧਰਤੀ ਲਈ ਵਧੀਆ ਕੀਟਾਣੂ ਵੀ ਖ਼ਤਮ ਹੁੰਦੇ ਜਾ ਰਹੇ ਹਨ।ਹਵਾ ਰਾਹੀਂ ਦੂਰ ਦੁਰੇਡੇ ਵਾਲੀਆਂ ਥਾਵਾਂ ਵੀ ਇਨ੍ਹਾਂ ਦੇ ਪ੍ਰਭਾਵ ਹੇਠ ਆਉਣ ਲਗ ਪਈਆਂ ਹਨ। ਧਰਤੀ ਹੇਠਾਂ ਪਾਣੀ ਸਿੰਮ ਕੇ ਇਹ ਹਰ ਤਰ੍ਹਾਂ ਦੀ ਉਪਜ ਅੰਦਰ ਪਹੁੰਚੇ ਹੋਏ ਹਨ। ਕੀਟਨਾਸ਼ਕ ਫੈਕਟਰੀਆਂ ਨੂੰ ਜੇ ਅਜ ਪੂਰੀ ਤਰ੍ਹਾਂ ਰੋਕ ਵੀ ਲਾ ਦਿਤੀ ਜਾਵੇ ਤਾਂ ਸ਼ਾਇਦ ਪੂਰੀ ਧਰਤੀ ਨੂੰ ਤੰਦਰੁਸਤ ਹੋਣ ਵਿਚ ਇਕ ਸਦੀ ਲਗ ਸਕਦੀ ਹੈ।

13. ਇੰਡੀਆ ਵਾਟਰ ਪੋਰਟਲ ਅਨੁਸਾਰ ਇਹ ਕੈਮੀਕਲ ਗੁਰਦੇ, ਜਿਗਰ, ਦਿਲ, ਦਿਮਾਗ਼, ਪੱਠਿਆਂ, ਅੱਖਾਂ ਦੇ ਨੁਕਸ ਪੈਦਾ ਕਰਨ ਦੇ ਨਾਲ ਥਾਇਰਾਇਡ, ਨਸਾਂ ਦੇ ਰੋਗ, ਕੈਂਸਰ ਅਤੇ ਬੱਚੇ ਜੰਮਣ ਦੀ ਸਮਰਥਾ ਉੱਤੇ ਵੀ ਡੂੰਘਾ ਅਸਰ ਪਾ ਰਹੇ ਹਨ।

**ਮੌਜੂਦਾ ਹਾਲਾਤ ਕੀ ਹਨ ?**

ਯੂਨਾਈਟਿਡ ਨੇਸ਼ਨਜ਼ ਖੁਰਾਕ ਵਿਚ ਕੀਟਨਾਸ਼ਕਾਂ ਦੇ ਅੰਸ਼ਾਂ ਤੇ ਚਿੰਤਿਤ ਹੈ। 'ਕਲੀਨੀਕਲ ਮੈਡੀਕਲ ਥੈਰਾਪਿਊਟਿਕਸ' ਅਨੁਸਾਰ ਪੰਜਾਬ ਦੇ 12 ਸਾਲਾਂ ਤੋਂ ਛੋਟੇ ਬਚਿਆਂ ਦੇ ਵਾਲਾਂ ਅਤੇ ਪਿਸ਼ਾਬ ਵਿਚ ਸਿੱਕਾ, ਕੈਡਮੀਅਮ, ਬੇਰੀਅਮ, ਮੈਂਗਨੀਜ਼ ਅਤੇ ਯੂਰੇਨੀਅਮ ਦੀ ਮਾਤਰਾ ਕਈ ਗੁਣਾ ਵਧ ਲਭੀ। ਕੀਟਨਾਸ਼ਕਾਂ ਦੀ ਵਰਤੋਂ ਹਰ ਸਾਲ 42.66 ਮਿਲੀਅਨ ਅਮਰੀਕਨ ਡਾਲਰਾਂ ਜਿੰਨੀ ਫਸਲ ਕੀਟ ਪਤੰਗਿਆਂ ਤੋਂ ਬਚਾਉਣਾਂ ਸੀ। ਪਰ ਬੇਹਿਸਾਬੀ ਵਰਤੋਂ ਕਰ ਕੇ ਪੂਰੀ ਅਗਲੀ ਪੁਸ਼ਤ ਦੀ ਨਸਲਕੁਸ਼ੀ ਕਰਨ ਵਲ ਨੂੰ ਚਾਲੇ ਪਾ ਕੇ ਪੰਜਾਬੀ ਆਪਣੇ ਲਾਇਲਾਜ ਰੋਗਾਂ ਕਾਰਣ ਦੁਨੀਆ ਨੂੰ ਅਲਵਿਦਾ ਕਹਿੰਦੇ ਜਾ ਰਹੇ ਹਨ। ਪੰਜਾਬੀ ਬੱਚੇ ਜਾਂ ਤਾਂ ਸਤਮਾਹੇ ਜੰਮ ਰਹੇ ਹਨ, ਜਾਂ ਕੁਖ ਅੰਦਰ ਮਰ ਰਹੇ ਹਨ ਜਾਂ ਛੋਟੀ ਉਮਰੇ ਕੈਂਸਰ ਸਹੇੜ ਰਹੇ ਹਨ। ਜਿਹੜੇ ਬਚ ਗਏ, ਉਨ੍ਹਾਂ ਵਿਚੋਂ ਬਥੇਰੇ ਅਗੋਂ ਬਚੇ ਜੰਮਣ ਯੋਗ ਨਹੀਂ ਰਹੇ! ਕੀ ਹਾਲੇ ਵੀ ਆਰਗੈਨਿਕ ਖਾਦਾਂ ਸ਼ੁਰੂ ਕਰਨ ਵਿਚ ਹੋਰ ਦੇਰੀ ਦੀ ਲੋੜ ਹੈ? ਜਿਹੜੇ ਉਂਗਲਾਂ ਉੱਤੇ ਗਿਣੇ ਜਾਣ ਵਾਲੇ ਲੋਕ ਪੰਜਾਬ ਪ੍ਰਤੀ ਪੀੜ ਨੂੰ ਪਾਲਦੇ, ਰੁਖ ਲਾਉਂਦੇ, ਪਲੀਤ ਪਾਣੀ ਸਾਫ਼ ਕਰਦੇ, ਕੁਦਰਤੀ ਖੇਤੀ ਨੂੰ ਤਰਜੀਹ ਦਿੰਦੇ ਅਤੇ ਲੋਕਾਂ ਨੂੰ ਕੈਂਸਰ ਤੋਂ ਬਚਾਉਣ ਦੇ ਜਤਨਾਂ ਵਿਚ ਜੁਟੇ ਹਨ, ਪੰਜਾਬ ਦੇ ਅਸਲ ਜੋਧੇ ਅਤੇ "ਪੰਜਾਬ ਰਤਨ" ਹਨ, ਜੋ ਪੰਜਾਬੀਆਂ ਦੀ ਪੌਦ ਬਚਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਹੇ ਹਨ! ਜਾਗੋ ਪੰਜਾਬੀਓ, ਹਾਲੇ ਵੀ ਵੇਲਾ ਹੈ, ਕੀਟਨਾਸ਼ਕਾਂ ਤੋਂ ਤੌਬਾ ਕਰ ਲਈਏ, ਨਹੀਂ ਤਾਂ ਇਹ ਧਰਤੀ, ਮਾਂ ਬਣਨ ਦੀ ਥਾਂ, ਡਾਇਣ ਬਣ ਕੇ ਸਾਨੂੰ ਚੱਬ ਜਾਏਗੀ! ਇਹੋ "ਸਾਰ" ਹੈ। ਰੱਬ ਖ਼ੈਰ ਕਰੇ

# ਜੁਲਾਈ ਦਾ ਮਹੀਨਾ

ਰੂਬੀਨਾ ਸਿੰਘ, ਵਿਦਿਆਰਥਣ, ਯੂਨੀਵਰਸਿਟੀ ਆਫ ਕੈਲਗਰੀ (ਕੈਨੇਡਾ)



(ਜੁਲਾਈ ਦੇ ਮਹੀਨੇ ਕੈਨੇਡਾ ਵਿਚ ਵਧ ਹੋਣ ਵਾਲੇ ਫੁੱਲ)



(1965 ਤੋਂ ਜਾਰੀ ਕੈਨੇਡਾ ਦਾ ਝੰਡਾ)

**ਜੁਲਾਈ** ਦਾ ਨਾਮ ਜੂਲੀਅਸ ਸੀਜ਼ਰ, ਇੱਕ ਰੋਮਨ ਤਾਨਾਸ਼ਾਹ ਅਤੇ ਰਾਜਨੇਤਾ ਦੇ ਨਾਮ ਤੇ ਰੱਖਿਆ ਗਿਆ ਸੀ। ਉਸਨੇ **2000** ਤੋਂ ਵੱਧ ਸਾਲ ਪਹਿਲਾਂ, ਅੱਜ ਦੇ 'ਜੂਲੀਅਨ ਕੈਲੰਡਰ' (ਹਰ ਚਾਰ ਸਾਲਾਂ ਵਿੱਚ ਇੱਕ ਲੀਪ ਸਾਲ ਦੇ ਨਾਲ) ਬਣਾਉਣ ਵਿੱਚ ਮਦਦ ਕੀਤੀ ਸੀ। ਆਪ੍ਰੇਸ਼ਨ ਦੁਆਰਾ ਬੱਚੇ ਦੀ ਡਿਲੀਵਰੀ ਲਈ 'ਸੀ-ਸੈਕਸ਼ਨ' ਦਾ ਨਾਮ ਵੀ ਉਸ ਨਾਲ ਜੁੜਿਆ ਹੋਇਆ ਹੈ। ਕੁਝ ਲੋਕ ਮੰਨਦੇ ਹਨ ਕਿ ਸੀਜ਼ਰ ਖੁਦ ਇਸ ਤਰ੍ਹਾਂ ਪੈਦਾ ਹੋਇਆ ਸੀ।

ਸ਼ਹੀਦ ਭਾਈ ਮਨੀ ਸਿੰਘ ਦਾ ਸ਼ਹੀਦੀ ਦਿਹਾੜਾ ਅਤੇ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਮੀਰੀ-ਪੀਰੀ ਦਿਵਸ **9** ਜੁਲਾਈ ਨੂੰ ਹੈ। **22** ਜੁਲਾਈ ਨੂੰ ਗੁਰੂ ਹਰਕ੍ਰਿਸ਼ਨ ਸਾਹਿਬ (**8**-ਵੇਂ ਗੁਰੂ ਸਾਹਿਬ) ਦਾ ਪ੍ਰਕਾਸ਼ ਪੁਰਬ ਹੈ। ਨਾਨਕਸ਼ਾਹੀ ਕੈਲੰਡਰ ਅਨੁਸਾਰ ਸਾਵਣ ਦਾ ਨਵਾਂ ਮਹੀਨਾ **16** ਜੁਲਾਈ ਨੂੰ ਸ਼ੁਰੂ ਹੁੰਦਾ ਹੈ, ਜੋ ਕਿ ਸ਼ਹੀਦ ਭਾਈ ਤਾਰੂ ਸਿੰਘ ਦਾ ਸ਼ਹੀਦੀ ਦਿਹਾੜਾ ਵੀ ਹੈ।

ਜੁਲਾਈ ਦੀਆਂ ਕੁਝ ਹੋਰ ਮਹੱਤਵਪੂਰਨ ਘਟਨਾਵਾਂ ਹੇਠ ਲਿਖੇ ਦਿਨਾਂ ਨੂੰ ਹੋਈਆਂ।


**1 ਜੁਲਾਈ** (**ਕੈਨੇਡਾ ਦਿਵਸ**) ਉਸ 'ਸੰਵਿਧਾਨਕ ਐਕਟ' ਦੀ ਵਰ੍ਹੇਗੰਢ ਹੈ ਜਿਸ 'ਤੇ 1867 ਵਿਚ ਦਸਤਖਤ ਕੀਤੇ ਗਏ ਸਨ। ਨੋਵਾ ਸਕੋਸ਼ੀਆ, ਨਿਊ ਬਰੰਜ਼ਵਿਕ, ਅਤੇ ਕੈਨੇਡਾ ਦੀਆਂ ਬ੍ਰਿਟਿਸ਼ ਕਲੋਨੀਆਂ ਇੱਕ ਦੇਸ਼ ਬਣਾਉਣ ਲਈ ਇਕਜੁੱਟ ਹੋਏ। **1980** ਵਿੱਚ ਇਸੇ ਦਿਨ "**ਓ ਕੈਨੇਡਾ**" ਗੀਤ ਦੇਸ਼ ਦਾ ਰਾਸ਼ਟਰੀ ਗੀਤ ਬਣਿਆ ਸੀ।

**4 ਜੁਲਾਈ** (**ਅਮਰੀਕਾ ਦਾ ਸੁਤੰਤਰਤਾ ਦਿਵਸ**) ਉਸ ਦਿਨ ਦੀ ਯਾਦ ਦਿਵਾਉਂਦਾ ਹੈ ਜਿਸ ਦਿਨ ਮੂਲ **13** ਅਮਰੀਕੀ ਬਸਤੀਆਂ ਨੇ **1776** ਵਿੱਚ ਬ੍ਰਿਟਿਸ਼ ਸ਼ਾਸਨ ਤੋਂ ਆਜ਼ਾਦੀ ਦਾ ਐਲਾਨ ਕੀਤਾ ਸੀ।

**14 ਜੁਲਾਈ** (**ਬੈਸਟੀਅਲ ਦਿਨ**) **1789** ਵਿੱਚ ਪੈਰਿਸ ਵਿੱਚ ਸ਼ਾਹੀ ਪਰਿਵਾਰ ਦੇ ਪਤਨ ਦੀ ਨਿਸ਼ਾਨਦੇਹੀ ਕਰਦਾ ਹੈ। ਇਹ ਫਰਾਂਸੀਸੀ ਗਣਰਾਜ ਦੀ ਰਾਸ਼ਟਰੀ ਛੁੱਟੀ ਹੈ।

'ਮਾਤਾ-ਪਿਤਾ ਦਿਵਸ**,'** **1994** ਤੋਂ ਸੰਯੁਕਤ ਰਾਜ ਵਿੱਚ ਜੁਲਾਈ ਦੇ ਚੌਥੇ ਐਤਵਾਰ ਨੂੰ ਬੱਚਿਆਂ ਦੇ ਪਾਲਣ ਪੋਸ਼ਣ ਵਿੱਚ ਮਾਪਿਆਂ ਦੀ ਭੂਮਿਕਾ ਨੂੰ ਸਤਿਕਾਰ ਦੇਣ ਲਈ ਮਨਾਇਆ ਜਾਂਦਾ ਹੈ। ਦੂਜੇ ਦੇਸ਼ ਇਸ ਨੂੰ ਵੱਖ-ਵੱਖ ਤਾਰੀਖਾਂ 'ਤੇ ਮਨਾਉਂਦੇ ਹਨ।

## ਦਲ-ਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ-ਪਰਉਪਕਾਰੀ



ਅਮ੍ਰਿਤਪਾਲ ਕੌਰ, ਜਲੰਧਰ (ਭਾਰਤ)

ਸਿੱਖ ਧਰਮ ਦੇ ਮਹਾਨ ਵਿਦਵਾਨ ਅਤੇ ਗੁਰਬਾਣੀ ਦੇ ਵਿਆਖਿਆਕਾਰ ਭਾਈ ਗੁਰਦਾਸ ਜੀ ਮੀਰੀ ਪੀਰੀ ਦੇ ਮਾਲਕ, ਨਿਆਂ ਦੇ ਦਾਤੇ ਗੁਰੂ ਹਰਗੋਬਿੰਦ ਸਾਹਿਬ ਜੀ ਬਾਰੇ (ਵਾਰ,ਪਉੜੀ 48 ਵਿਚ) ਲਿਖਦੇ ਹਨ :-

**ਦਲ-ਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ-ਪਰਉਪਕਾਰੀ।**

(This Guru, the Vanquisher of armies, is very brave warrior and benevolent)

**ਦਲ-ਭੰਜਨ**: ਬਾਬਾ ਬੁੱਢਾ ਜੀ ਨੇ (ਗੁਰੂ) ਹਰਗੋਬਿੰਦ ਸਾਹਿਬ ਜੀ ਵਿੱਚ ਸ਼ਸਤ੍ਰ-ਵਿੱਦਿਆ ਵੱਲ ਖਾਸ ਰੁਚੀ ਵੇਖੀ। ਉਨ੍ਹਾਂ ਦੀ ਸ਼ਸਤ੍ਰ ਵਿੱਦਿਆ ਵਿੱਚ ਨਿਪੁੰਨਤਾ ਵੇਖ ਕੇ ਬਾਬਾ ਬੁੱਢਾ ਜੀ ਕਹਿ ਦਿਆ ਕਰਦੇ ਸਨ ਕਿ ਇਹ ਮੁਗਲਾਂ ਦੇ ਸਿਰ ਇਉਂ ਭੰਨੇਗਾ ਜਿਵੇਂ ਗੰਢਾ (onion ) ਮੁੱਕੀ ਮਾਰ ਕੇ ਭੰਨੀਦਾ ਹੈ।(ਜੀਵਨ ਬ੍ਰਿਤਾਂਤ ਗੁਰੂ ਹਰਗੋਬਿੰਦ ਸਾਹਿਬ ਜੀ, ਪੰਨਾ 10, ਲੇਖਕ ਪ੍ਰੋਫੈਸਰ ਸਾਹਿਬ ਸਿੰਘ, ਡੀ. ਲਿਟ.).

ਗੁਰੂ ਹਰਗੋਬਿੰਦ ਸਾਹਿਬ ਜੀ ਨੇ ਭਾਈ ਬਿਧੀ ਚੰਦ ਵਰਗੇ ਸੂਰਮਿਆਂ ਦੀ ਨਿਗਰਾਨੀ ਹੇਠ ਗਭਰੂਆਂ ਦੀ ਸਿਖਲਾਈ ਦਾ ਪ੍ਰਬੰਧ ਕੀਤਾ। ਇਸ ਤਰ੍ਹਾਂ ਸਿੱਖ ਫੋਜ ਦੀ ਨੀਂਹ ਰੱਖੀ। ਸਤਿਗੁਰੂ ਜੀ ਨੇ ਆਪ ਭੀ ਦੋ ਤਲਵਾਰਾਂ ਪਹਿਨ ਲਈਆਂ; ਇੱਕ ਮੀਰੀ ਦੀ ਤੇ ਦੂਜੀ ਪੀਰੀ ਦੀ। ਰਾਜ ਤੇ ਜੋਗ ਇਕੱਠੇ ਕਰ ਦਿੱਤੇ। ਢਾਡੀ ਅਬਦੁੱਲਾ ਅਨੁਸਾਰ:

**ਦੋ ਤਲਵਾਰਾਂ ਬੱਧੀਆਂ, ਇੱਕ ਮੀਰੀ ਦੀ ਇੱਕ ਪੀਰੀ ਦੀ।**

**ਇਕ ਅਜ਼ਮਤ ਦੀ, ਇਕ ਰਾਜ ਦੀ, ਇਕ ਰਾਖੀ ਕਰੇ ਵਜ਼ੀਰੀ ਦੀ।**

ਗੁਰੂ ਸਾਹਿਬ ਨੇ ਸੰਸਾਰ ਨੂੰ ਨਵਾਂ ਸਿਧਾਂਤ ਦਿੱਤਾ ਕਿ ਧਰਮ ਤੇ ਰਾਜਨੀਤੀ ਮਿਲ ਕੇ ਚੱਲਣ। ਉਨ੍ਹਾਂ ਨੇ ਮਸੰਦਾਂ ਨੂੰ ਹਦਾਇਤ ਕਰ ਦਿੱਤੀ ਕਿ ਵਪਾਰੀ ਸਿੱਖ ਨਗਦ ਭੇਟਾ ਦੀ ਥਾਂ ਸੋਹਣੇ ਵਧੀਆ ਘੋੜੇ ਅਤੇ ਸ਼ਸਤ੍ਰ ਖਰੀਦ ਕੇ ਭੇਜਣ।

**ਗੁਰੁ ਸੂਰਮਾ**: ਗੁਰੂ ਹਰਗੋਬਿੰਦ ਸਾਹਿਬ ਜੀ ਨੇ ਚੋਣਵੇਂ 52 ਸੂਰਮੇ ਆਪਣੇ ਪਾਸ ਰੱਖੇ ਜੋ ਸਿੱਖਾਂ ਨੂੰ ਸ਼ਸਤ੍ਰ ਵਿੱਦਿਆ ਸਿਖਾ ਸਕਣ। ਉਸ ਵੇਲੇ ਹਾਕਮਾਂ ਦੇ ਅਤਿਆਚਾਰਾਂ ਦਾ ਟਾਕਰਾ ਕਰਨ ਲਈ, ਲੋਕ ਸ਼ਸਤ੍ਰਧਾਰੀ ਬਣਨ ਲੱਗੇ। ਅਨੇਕਾਂ ਮੁਸਲਮਾਨ ਵੀ ਸਤਿਗੁਰੂ ਜੀ ਦੀ ਨਵੀਂ ਬਣ ਰਹੀ ਫੌਜ ਵਿੱਚ ਭਰਤੀ ਹੋਣ ਲੱਗ ਪਏ। ਪੰਜ ਛੇ ਸਾਲ ਅੰਮ੍ਰਿਤਸਰ ਵਿੱਚ ਰਹਿ ਕੇ ਸ਼ਸਤ੍ਰ ਵਿੱਦਿਆ, ਸ਼ਿਕਾਰ, ਮਰਦਾਵੀਆਂ ਖੇਡਾਂ ਵੱਲ ਸਿੱਖਾਂ ਦੀ ਰੁਚੀ ਵਧਾਂਦੇ ਰਹੇ।

**ਵਡ-ਜੋਧਾ**: ਛੇਵੀਂ ਪਾਤਸ਼ਾਹ ਦੀ ਤਲਵਾਰ ਸ਼ਤਰੂਆਂ ਨੂੰ ਪੱਛਾੜਨ ਵਾਲੀ ਹੈ ਅਤੇ ਤੀਰ ਸਖਤ ਜਾਨ ਚਟਾਨ ਵਰਗਿਆਂ ਦਾ ਹੰਕਾਰ ਚੂਰ ਚੂਰ ਕਰਨ ਵਾਲੇ ਹਨ। ਭਾਈ ਨੰਦ ਲਾਲ ਜੀ, ਗੰਜਨਾਮਾ ਵਿਚ ਲਿਖਦੇ ਹਨ:

**ਤੇਗਸ਼ ਦੁਸ਼ਮਣ ਅਫ਼ਗਨ ਵ ਤਰਸ਼ ਖਾਰਾ ਸ਼ਿਕੰਨ ।** (ਪੁਸਤਕ ਸੌ ਸਵਾਲ, ਪੰਨਾ 29.)

ਗੁਰੂ ਹਰਗੋਬਿੰਦ ਸਾਹਿਬ ਜੀ ਨੇ ਮੁਗਲ ਫੌਜਾਂ ਨਾਲ ਚਾਰ ਜੰਗਾਂ ਲੜੀਆਂ ਤੇ ਚਾਰਾਂ ਵਿੱਚ ਹੀ ਜਿੱਤ ਪ੍ਰਾਪਤ ਕੀਤੀ।

(1) ਲੋਹਗੜ੍ਹ (ਅੰਮ੍ਰਿਤਸਰ ) ਦੀ ਜੰਗ - ਮਈ 1623 (ਸੂਬੇਦਾਰ ਮੁਖਲਿਸ ਖਾਂ)

(2) ਦੂਜੀ ਜੰਗ ਸ੍ਰੀ ਹਰਗੋਬਿੰਦਪੁਰ ਦੀ - 1629 (ਜਲੰਧਰ ਦਾ ਫੌਜਦਾਰ)

(3) ਤੀਜੀ ਜੰਗ ਮਹਿਰਾਜ ਦੀ - 1632 (ਲੱਲਾ ਬੇਗ ਅਤੇ ਕਮਰ ਬੇਗ ਦੀ ਕਮਾਨ ਹੇਠ)

(4) ਚੌਥੀ ਜੰਗ ਕਰਤਾਰਪੁਰ ਦੀ -1634 (ਕਾਲੇ ਖਾਂ ਲਾਹੌਰ ਦਾ ਸੂਬੇਦਾਰ)

(ਜੀਵਨ ਬ੍ਰਿਤਾਂਤ ਗੁਰੂ ਹਰਗੋਬਿੰਦ ਸਾਹਿਬ ਜੀ, ਪੰਨਾ 70)

**ਬਹੁ-ਪਰਉਪਕਾਰੀ** : ਆਮ ਤੌਰ ਤੇ ਯੋਧੇ ਤੇ ਬੀਰ ਬਹਾਦਰ ਪਰਉਪਕਾਰੀ ਨਹੀਂ ਹੁੰਦੇ ਪਰ ਛਟਮ ਪੀਰ ਗੁਰੂ ਹਰਗੋਬਿੰਦ ਸਾਹਿਬ ਜੀ ਇੱਕੋ ਵੇਲੇ ਯੋਧੇ ਤੇ ਪਰਉਪਕਾਰੀ ਸਨ। ਬੀਰ ਰਸ ਪੈਦਾ ਕਰਨ ਲਈ 1609 ਵਿੱਚ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕੀਤੀ, ਜਿਸ ਦੇ ਦਰਸ਼ਨ-ਮਾਤ੍ਰ ਨਾਲ ਹੀ ਸਿੱਖ ਦੇ ਹਿਰਦੇ ਵਿੱਚ ਰਾਜਸੀ ਠਾਠ ਦਾ ਪ੍ਰਭਾਵ ਪੈਂਦਾ ਹੈ।ਗੁਰੂ ਪਾਤਸ਼ਾਹ ਨੇ ਢਾਡੀ ਪਰੰਪਰਾ ਪ੍ਰਾਰੰਭ ਕੀਤੀ ਜੋ ਸ੍ਰੀ ਅਕਾਲ ਤਖਤ ਦੇ ਸਾਹਮਣੇ ਜੋਧਿਆਂ ਦੀਆਂ ਵਾਰਾਂ ਸਿੱਖਾਂ ਵਿੱਚ ਬੀਰ-ਰਸ ਪੈਦਾ ਕਰਨ ਲਈ ਗਾਉਂਦੇ ਸਨ।

**ਬੰਦੀ-ਛੋੜ ਦਾਤਾ**: ਗੁਰੂ ਸਾਹਿਬ ਦਾ ਅਸਰ ਵਧਦਾ ਵੇਖ ਬਾਦਸ਼ਾਹ ਜਹਾਂਗੀਰ ਨੇ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਗਵਾਲੀਅਰ ਦੇ ਕਿਲੇ ਵਿੱਚ ਨਜ਼ਰਬੰਦ ਕਰ ਦਿੱਤਾ ਜਿੱਥੇ ਕੈਦੀਆਂ ਵਿੱਚ ਕਈ ਰਾਜੇ ਸਨ ਜੋ ਨਰਕ ਵਾਲਾ ਜੀਵਨ ਬਤੀਤ ਕਰ ਰਹੇ ਸਨ। ਗੁਰੂ ਹਰਗੋਬਿੰਦ ਸਾਹਿਬ ਜੀ ਦੀ ਰਿਹਾਈ ਵਿੱਚ ਸਾਈਂ ਮੀਆਂਮੀਰ ਦਾ ਵੱਡਾ ਹੱਥ ਸੀ। ਗੁਰੂ ਸਾਹਿਬ ਨੇ ਰਾਜਿਆਂ ਦੀ ਬੇਨਤੀ ਪ੍ਰਵਾਨ ਕਰਦੇ ਹੋਏ ਇਕੱਲਿਆਂ ਰਿਹਾਅ ਹੋਣ ਤੋਂ ਇਨਕਾਰ ਕਰ ਦਿੱਤਾ। ਬਾਦਸ਼ਾਹ ਨੇ ਗੁਰੂ ਸਾਹਿਬ ਦੀ ਜ਼ਮਾਨਤ ਉੱਪਰ ਸਭ ਨੂੰ ਰਿਹਾਅ ਕਰਨ ਦਾ ਹੁਕਮ ਦੇ ਦਿੱਤਾ। ਗੁਰੂ ਜੀ ਨੇ 52 ਕਲੀਆਂ ਵਾਲਾ ਕੁੜਤਾ ਬਣਵਾਇਆ ਤੇ ਉਸ ਦੀ ਇੱਕ ਇੱਕ ਕਲੀ ਉਨ੍ਹਾਂ ਰਾਜਿਆਂ ਦੇ ਹੱਥ ਫੜਾਕੇ ਸਭ ਨੂੰ ਲੈ ਕੇ ਹੀ ਕਿਲੇ ਤੋਂ ਬਾਹਰ ਆਏ। ਇਸ ਉਪਕਾਰ ਦਾ ਸਦਕਾ ਆਪ ਬੰਦੀ-ਛੋੜ ਦਾਤਾ ਅਖਵਾਏ ਜਾਣ ਲੱਗੇ।

ਮਾਲਵੇ ਦੁਆਬੇ ਵਿੱਣ ਆਪ ਜੀ ਨੇ ਸਿੱਖੀ ਪ੍ਰਚਾਰ ਕੀਤਾ। ਸਤਿਗੁਰੂ ਕਸ਼ਮੀਰ ਦੇ ਦੁਖੀ ਲੋਕਾਂ ਦੀ (ਗਿਲਟੀ-ਤਾਪ ਮਾਰ) ਸਹਾਇਤਾ ਵਾਸਤੇ ਅਤੇ ਹਿੰਦੂਆਂ ਨੂੰ ਪੀਰਾਂ ਫਕੀਰਾਂ ਦੇ ਅਸਰ ਤੋਂ ਬਚਾਉਣ ਲਈ 1616 ਵਿੱਚ ਉੱਧਰ ਗਏ। ਆਪ ਜੀ ਨੇ ਦਸਵੰਧ ਦੀ ਮਾਇਆ ਕਸ਼ਮੀਰੀਆਂ ਦੀ ਸਹਾਇਤਾ ਲਈ ਵਰਤੀ। ਮਾਤਾ ਕੌਲਾਂ ਦੀ ਯਾਦ ਵਿੱਚ ਅੰਮ੍ਰਿਤਸਰ ਵਿਖੇ ਬਾਬਾ ਅਟੱਲ ਸਾਹਿਬ ਦੇ ਗੁਰਦੁਆਰੇ ਕੋਲ ਸਰੋਵਰ ਬਣਵਾ ਦਿੱਤਾ ਜਿਸ ਦਾ ਨਾਮ ਕੌਲਸਰ ਰੱਖਿਆ ਗਿਆ। ਸਿੱਖਾਂ ਦੀ ਜਲ ਦੀ ਲੋੜ ਨੂੰ ਸਾਹਮਣੇ ਰੱਖ ਕੇ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਬਿਬੇਕਸਰ ਨਾਂ ਦਾ ਸਰੋਵਰ ਤਿਆਰ ਕਰਵਾਇਆ। ਮਾਲਵੇ ਵਿੱਚ ਡਰੋਲੀ ਅਤੇ ਭਾਈ ਰੂਪਾ ਪਿੰਡ ਵਸਾਏ। ਸਨ 1632 ਵਿੱਚ 'ਗੁਰੂ-ਸਰ' ਸਰੋਵਰ ਦੀ ਸਥਾਪਨਾ ਕੀਤੀ ਅਤੇ 1630 ਵਿੱਚ ਕੀਰਤਪੁਰ ਨਗਰ ਦੀ ਸਥਾਪਨਾ ਕੀਤੀ।

ਗੁਰੂ ਹਰਗੋਬਿੰਦ ਸਾਹਿਬ ਜੀ ਦੀ ਰਹਿਬਰੀ ਨੇ ਕੁਮਲਾਏ ਦਿਲਾਂ ਨੂੰ ਸੁਰਜੀਤ ਕਰ ਲਿਆ ਅਤੇ ਜਾਗੀ ਹੋਈ ਜਨਤਾ ਬੀਰਤਾ ਦੇ ਹੁਲਾਰੇ ਲੈਣ ਲੱਗੀ। ਨਿਰਾ ਬੀਰ ਰਸ ਹੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਨਿਸ਼ਾਨਾ ਨਹੀਂ ਸੀ। ਪਹਿਲੇ ਗੁਰ-ਵਿਅਕਤੀਆਂ ਵਾਂਗ ਇੰਨ੍ਹਾਂ ਨੇ ਭੀ ਸਿੱਖ ਧਰਮ ਦੇ ਪਰਚਾਰ ਵੱਲ ਪੂਰਾ ਧਿਆਨ ਦਿੱਤਾ।

ਸੱਚਮੁਚ ਗੁਰੂ ਹਰਗੋਬਿੰਦ ਸਾਹਿਬ ਜੀ ਬਹੁ-ਪੱਖੀ ਸ਼ਖਸੀਅਤ ਦੇ ਮਾਲਕ ਸਨ।

-------000------

## ਕਰਮਾਂ ਦਾ ਬੀਜ

**ਗੁਰਦੀਸ਼ ਕੌਰ ਗਰੇਵਾਲ– ਕੈਲਗਰੀ– ਕੈਨੇਡਾ**

ਮਸਕੀਨ ਸਾਹਿਬ ਆਪਣੀ ਇੱਕ ਕਥਾ ਵਿੱਚ ਕਹਿ ਰਹੇ ਹਨ ਕਿ-'ਜੇ ਅੱਜ ਮੇਰਾ ਇਸ ਦੁਨੀਆਂ ਵਿੱਚ ਆਦਰ ਸਨਮਾਨ ਹੋ ਰਿਹਾ ਜਾਂ ਸਤਿਕਾਰ ਮਿਲ ਰਿਹਾ- ਤਾਂ ਇਹ ਮੈਂ ਚੰਗੇ ਕਰਮਾਂ ਦਾ ਬੀਜ ਕਦੇ ਬੀਜਿਆ ਹੋਏਗਾ। ਪਰ ਪਤਾ ਨਹੀਂ ਕਿ ਕਦੋਂ? ਹੋ ਸਕਦਾ ਹੈ ਕਿ ਕੁਝ ਮਹੀਨੇ ਪਹਿਲਾਂ, ਜਾਂ ਕੁੱਝ ਸਾਲ ਪਹਿਲਾਂ ਜਾਂ ਇਸ ਜਨਮ 'ਚ ਜਾਂ ਪਿਛਲੇ ਕਿਸੇ ਜਨਮ 'ਚ - ਪਰ ਹੈ ਇਹ ਮੇਰੇ ਕਿਸੇ ਕਰਮ ਦੇ ਬੀਜ ਦਾ ਹੀ ਫਲ! ਪਰ ਜੇ ਮੇਰੇ ਨਾਲ ਇਸ ਜਨਮ ਵਿੱਚ ਮਾੜਾ ਹੋ ਰਿਹਾ ਤਾਂ ਉਹ ਵੀ ਮੇਰੇ ਕੀਤੇ ਹੋਏ ਬੁਰੇ ਕਰਮ ਦਾ ਹੀ ਫਲ ਹੈ'। ਹੁਣ ਪਿਛਲੇ ਜਨਮ 'ਚ ਅਸੀਂ ਕੀ ਕੀ ਮਾੜੇ ਕਰਮ ਕਰਕੇ ਆਏ ਹਾਂ - ਇਹ ਤਾਂ ਅਸੀਂ ਨਹੀਂ ਜਾਣਦੇ। ਹੋ ਸਕਦਾ, ਇਸ ਜਨਮ ਦੇ ਬੀਤ ਚੁੱਕੇ ਸਾਲਾਂ ਵਿੱਚ ਵੀ, ਅਸੀਂ ਕਈਆਂ ਦਾ ਬੁਰਾ ਕੀਤਾ ਹੋਵੇ ਜਾਂ ਕਿਸੇ ਦਾ ਬੁਰਾ ਸੋਚਿਆ ਹੋਵੇ। ਪਰ ਉਹ ਬੀਤ ਚੁੱਕਾ ਵਕਤ ਤਾਂ ਹੁਣ ਹੱਥ ਨਹੀਂ ਆਉਣਾ - ਲੇਕਿਨ ਵਰਤਮਾਨ ਸਾਡੇ ਆਪਣੇ ਹੱਥ ਹੈ। ਸੋ ਇਸ ਵਿੱਚ ਆਪਾਂ ਦੂਜਿਆਂ ਲਈ ਚੰਗੀ ਸੋਚ ਰੱਖ ਕੇ, ਸਭ ਨੂੰ ਪਿਆਰ ਸਤਿਕਾਰ ਦੇ ਕੇ, ਪਰਉਪਕਾਰ ਦੇ ਕਾਰਜ ਕਰਕੇ, 'ਸਰਬੱਤ ਦਾ ਭਲਾ' ਮੰਗ ਕੇ, ਦੂਜਿਆਂ ਦੀ ਖੁਸ਼ੀ ਵਿੱਚ ਉਪਰੋਂ ਨਹੀਂ ਸਗੋਂ ਦਿਲੋਂ ਖੁਸ਼ ਹੋ ਕੇ ਚੰਗੇ ਕਰਮ ਬੀਜ ਸਕਦੇ ਹਾਂ। ਗੁਰਬਾਣੀ ਦਾ (ਅੰਗ 432 ਤੇ) ਫੁਰਮਾਨ ਹੈ-

**ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥**

ਅਸੀਂ ਜੇ ਕੋਈ ਪ੍ਰਾਪਤੀ ਕਰਦੇ ਹਾਂ, ਤਾਂ ਕਰੈਡਿਟ ਆਪ ਲੈ ਲੈਂਦੇ ਹਾਂ - ਪਰ ਜੇ ਕੁਝ ਮਾੜਾ ਹੋ ਜਾਵੇ ਤਾਂ ਪ੍ਰਮਾਤਮਾ ਦੇ ਸਿਰ ਮੜ੍ਹ ਦਿੰਦੇ ਹਾਂ। ਕਈ ਵਾਰੀ ਕਿਸੇ ਮੰਦਭਾਗੀ ਘਟਨਾ ਵਿੱਚ ਤਾਂ ਸਾਡੇ ਮੂੰਹੋਂ ਇਹ ਵੀ ਨਿਕਲ ਜਾਂਦਾ ਹੈ ਕਿ -'ਰੱਬ ਮੇਰੇ ਨਾਲ ਉੱਤਰ ਕੇ ਲੜਿਆ'। ਭਲਾ ਰੱਬ ਨੂੰ ਕੀ ਲੋੜ ਪਈ ਹੈ ਸਾਡੇ ਨਾਲ ਲੜਨ ਦੀ? ਇਹ ਤਾਂ ਹਰ ਜੀਵ-ਆਤਮਾ ਆਪਣੇ ਚੰਗੇ ਮੰਦੇ ਕਰਮਾਂ ਦਾ ਹਿਸਾਬ ਭੋਗ ਰਹੀ ਹੈ। ਜਦ ਕਿਸੇ ਜੀਵ-ਆਤਮਾ ਦਾ ਸਾਡੇ ਨਾਲ ਹਿਸਾਬ-ਕਿਤਾਬ ਪੂਰਾ ਹੋ ਜਾਂਦਾ ਹੈ ਤਾਂ ਉਹ ਰੱਬੀ ਹੁਕਮ ਅਨੁਸਾਰ ਸਾਨੂੰ ਛੱਡ ਕੇ ਤੁਰ ਜਾਂਦੀ ਹੈ। ਉਸ ਦੇ ਹੁਕਮ ਨੂੰ ਪਛਾਨਣਾ, ਤੇ ਉਸਦੀ ਰਜ਼ਾ ਵਿੱਚ ਤੁਰਨ ਨੂੰ ਹੀ 'ਭਾਣਾ ਮੰਨਣਾ' ਕਹਿੰਦੇ ਹਨ। ਗੁਰੂ ਸਾਹਿਬ ਵੀ ਫੁਰਮਾਉਂਦੇ ਹਨ-

**ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥(ਜਪੁਜੀ ਸਾਹਿਬ)।**

ਸਾਡੇ ਕੀਤੇ ਚੰਗੇ-ਮੰਦੇ ਕਰਮ ਹੀ ਸਾਡੀ ਕਿਸਮਤ ਬਣਾਉਂਦੇ ਹਨ। ਕਿਸੇ ਜੋਤਸ਼ੀ-ਪੰਡਤ ਕੋਲ ਸਾਡੀ ਕਿਸਮਤ ਨੂੰ ਬਦਲ ਦੇਣ ਦੀ ਕੋਈ ਤਾਕਤ ਨਹੀਂ। ਅਸੀਂ ਐਵੇਂ ਹੀ ਇਹਨਾਂ ਦੇ ਜਾਲ਼ ਵਿੱਚ ਫਸ ਕੇ ਸਮਾਂ ਤੇ ਪੈਸਾ ਅਜਾਈਂ ਗੁਆ ਰਹੇ ਹਾਂ।

ਅਜੋਕੇ ਯੁੱਗ ਵਿੱਚ, ਕਰਮ ਵੀ ਦਿਖਾਵਾ ਬਣ ਕੇ ਰਹਿ ਗਏ ਹਨ। ਦਾਨ-ਪੁੰਨ ਕਰਨ ਦੇ ਪਿੱਛੇ ਵੀ ਆਮ ਤੌਰ ਤੇ ਸੁਆਰਥ ਛੁਪਿਆ ਹੁੰਦਾ ਹੈ। ਕਈ ਲੋਕ ਧਰਮ ਦੇ ਕਾਰਜ ਵੀ ਇਸ ਲਈ ਕਰਦੇ ਹਨ ਕਿ ਲੋਕ ਉਹਨਾਂ ਨੂੰ ਧਰਮੀ ਸਮਝਣ। ਭਾਈ, ਆਪਾਂ, ਲੋਕਾਂ ਨੂੰ ਤਾਂ ਧੋਖਾ ਦੇ ਸਕਦੇ ਹਾਂ, ਪਰ ਜੋ ਸਾਡੇ ਅੰਦਰ ਬੈਠਾ ਹੈ- ਉਹ ਤਾਂ ਅੰਦਰ ਦੀ ਭਾਵਨਾ ਦੇਖਦਾ ਹੈ ਉਸ ਨੂੰ ਤਾਂ ਬਾਹਰ ਨਾਲ ਕੋਈ ਮਤਲਬ ਨਹੀਂ। ਇਹ ਭਾਵਨਾ ਜੇ ਸੱਚੀ ਸੁੱਚੀ ਹੋਵੇ, ਤਾਂ ਚੰਗੇ ਕਰਮਾਂ ਦਾ ਬੈਂਕ-ਬੈਲੈਂਸ ਬਣ ਜਾਂਦੀ ਹੈ। ਸਾਥੀਓ- ਜੇ ਆਪਾਂ ਪਿਛਲੇ ਕੀਤੇ ਕਰਮਾਂ ਦੇ ਫਲ਼ ਹੁਣ ਭੋਗ ਰਹੇ ਹਾਂ ਤਾਂ ਇਸ ਦਾ ਮਤਲਬ ਹੋਇਆ ਕਿ ਹੁਣ ਦੇ ਕੀਤੇ ਕਰਮਾਂ ਦਾ ਫਲ਼ ਭਵਿੱਖ ਵਿੱਚ ਭੋਗਣਾ ਪਏਗਾ। ਤਾਂ ਫਿਰ ਕਿਉਂ ਨਾ ਹੁਣ ਤਾਂ ਕਰਮਾਂ ਦੇ ਚੰਗੇ ਬੀਜ ਬੀਜੀਏ ਤਾਂ ਕਿ ਸਾਨੂੰ ਆਉਣ ਵਾਲੇ ਸਮੇਂ ਵਿੱਚ ਕੌੜੇ ਫਲ਼ ਨਾ ਖਾਣੇ ਪੈਣ! ਕੀ ਖਿਆਲ ਹੈ ਤੁਹਾਡਾ ?

# ਪੰਜਾਬੀ ਕਹਾਵਤਾਂ ਤੋਂ ਦਿਲਚਸਪ ਜਾਣਕਾਰੀ

ਨਰਿੰਦਰ ਕੌਰ, ਕੈਲਗਰੀ (ਕੈਨੇਡਾ)

ਕਹਾਵਤਾਂ ਜਾਂ ਮੁਹਾਵਰੇ ਇਕ-ਦੋ ਸਤਰਾਂ ਵਿਚ ਸਦੀਆਂ ਦੇ ਸੈਂਕੜੇ ਲੋਕਾਂ ਦੇ ਤਜਰਬਿਆਂ ਤੋਂ ਨਿਕਲਿਆ ਗਿਆਨ ਦੇਣ ਦੇ ਨਾਲ ਪੰਜਾਬੀ ਭਾਸ਼ਾ ਦੇ ਨਵੇਂ ਲਫ਼ਜ਼ਾਂ ਦੀ ਜਾਣਕਾਰੀ ਵੀ ਦਿੰਦੇ ਹਨ। ਇਹ ਸਕੂਲ ਜਾਣ ਤੋਂ ਪਹਿਲੇ ਹੀ ਬੱਚੇ ਆਪਣੇ ਬਜ਼ੁਰਗਾਂ ਤੋਂ ਸੁਣਦੇ ਰਹਿੰਦੇ ਸਨ। ਬੱਚਿਆਂ ਨੂੰ ਉਹ ਕਈ ਅਖੌਣ ਸੁਣਾਂਦੇ ਸਨ ਜਿਹੜੇ ਬਚਪਨ ਵਿਚ ਉਨ੍ਹਾਂ ਆਪਣੇ ਵਡਿੱਆਂ ਤੋਂ ਸੁਣੇ ਹੋਏ ਸਨ। ਇਸ ਤਰਾਂ ਇਹ ਇਕ ਪੀੜ੍ਹੀ ਤੋਂ ਦੂਜੀ ਤੇ ਫਿਰ ਅਗਾਂਹ ਤੁਰੇ ਰਹਿੰਦੇ।

ਕਹਾਵਤਾਂ ਜ਼ਿੰਦਗੀ ਦੇ ਕਈ ਪੱਖਾਂ ਨਾਲ ਜੁੜੀਆਂ, ਸੌਖੀਆਂ ਅਤੇ ਸੰਖੇਪ ਹੋਣ ਕਰ ਕੇ ਝਟ ਚੇਤੇ ਹੋ ਜਾਂਦੀਆਂ ਨੇ ਤੇ ਸਾਰੀ ਉਮਰ ਭੁਲਦੀਆਂ ਨਹੀਂ। ਜਿਵੇਂ ਮੌਸਮ ਬਾਰੇ ਸੁਣਦੇ ਹਾਂ, ਜਿਵੇਂ

ਪਾਲਾ ਪੋਹ ਨਾ ਪਾਲਾ ਮਾਘ ਪਾਲਾ ਠੰਡੀ (ਹ)ਵਾ ਵਗੇ।

ਇਨ੍ਹਾਂ ਵਿਚ ਬਚਿੱਆਂ ਨੂੰ ਮੌਸਮਾਂ, ਮਹੀਨਿਆਂ ਅਤੇ ਹਵਾ ਦੇ 'ਵਗਣ' ਜਿਹੇ ਨਵੇਂ ਸ਼ਬਦਾਂ ਦੀ ਜਾਣਕਾਰੀ ਮਿਲਦੀ ਹੈ। ਇਸੇ ਤਰ੍ਹਾਂ ਹੋਰ ਵੀ ਸੈਂਕੜੇ ਕਹਾਵਤਾਂ ਵਿਚ ਕੰਮ ਦੀਆਂ ਗਲਾਂ ਦੇ ਨਾਲ ਨਵੇਂ ਲਫ਼ਜ਼ਾਂ ਦਾ ਵੀ ਬੋਧ ਹੁੰਦਾ ਹੈ।

ਕਈਆਂ ਕਹਾਵਤਾਂ ਵਿਚ ਰਿਸ਼ਤਿਆਂ ਤੇ ਰਿਸ਼ਤੇਰਦਾਰਾਂ ਦੇ ਬਾਰੇ ਸਮਝ ਆਉਂਦੀ ਹੈ। ਜਿਵੇਂ

ਸੌ ਦਵਾਈਆਂ ਤੇ ਇਕ ਘਿਓ, ਸੌ ਚਾਚੇ ਤੇ ਇਕ ਪਿਓ।

ਘਰ ਦਾ ਜੋਗੀ ਜੋਗੜਾ ਬਾਹਰ ਦਾ ਜੋਗੀ ਸਿੱਧ।

ਘਰ ਦਾ ਭੇਤੀ ਲੰਕਾ ਢਾਵੇ।

ਆਲਸੀ ਬੰਦਿਆਂ ਬਾਰੇ ਵੀ ਮਖੌਲ ਵਾਲੇ ਕਈ ਤਰਾਂ ਦੇ ਅਖੌਣ ਬਣੇ ਹੋਏ ਮਿਲਦੇ ਨੇ। ਜਿਵੇਂ

ਘੜੇ ਨੂੰ ਹਥ ਲਾਇਆ ਸਾਰਾ ਟੱਬਰ ਧਿਆਇਆ।

ਤੂੰ ਵੀ ਰਾਣੀ ਮੈਂ ਵੀ ਰਾਣੀ ਕੌਣ ਭਰੇਗਾ ਪਾਣੀ।



ਕੋਹ ਨਾ ਤੁਰੀ ਤੇ ਬਾਪੂ ਤਿਹਾਈ।

ਕਹਾਵਤਾਂ ਵਿਚ ਸ਼ੇਖੀਆਂ ਮਾਰਨ ਵਾਲਿਆਂ ਤੇ ਵੀ ਬਹੁਤ ਵਿਅੰਗ ਕੀਤੇ ਜਾਂਦੇ ਹਨ। ਜਿਵੇਂ

ਗੱਲੀਂ ਬਾਤੀਂ ਅਸਮਾਨ ਨੂੰ ਟਾਕੀਆਂ ਲਾਉਣਾਂ।

ਅਸਮਾਨ ਤੋਂ ਤਾਰੇ ਤੋੜਨੇ।

ਪੱਲੇ ਨਾ ਧੇਲਾ ਕਰਦੀ ਮੇਲਾ ਮੇਲਾ।

ਇਸੇ ਤਰ੍ਹਾਂ ਮੂਰਖਾਂ ਤੇ ਵੀ ਲੋਕਾਂ ਵਿਚ ਕਈ ਅਖੌਣ ਪ੍ਰਚਲਿਤ ਹਨ। ਜਿਵੇਂ

ਕੁੱਛੜ ਕੁੜੀ ਤੇ ਸ਼ਹਰ ਢਿੰਡੋਰਾ।

ਕਾਹਲੀ ਅਗੇ ਟੋਇ ਤੇ ਕੰਮ ਕਿੱਥੇ ਹੋਇ ?

ਆਪਣੀ ਕਬਰ ਆਪੇ ਪੁੱਟਣਾ।

ਕਹਾਵਤਾਂ ਵਿਚ ਲਾਲਚੀ ਤੇ ਮਤਲਬੀ ਬੰਦਿਆਂ ਨੂੰ ਵੀ ਬਖਸ਼ਿਆ ਨਹੀਂ ਗਿਆ। ਜਿਵੇਂ

ਨਾਲੇ ਦੋ ਦੋ ਨਾਲੇ ਚੋਪੜੀਆਂ !

ਰਾਮ ਨਾਮ ਜਪਣਾ ਪਰਾਇਆ ਮਾਲ ਅਪਣਾ।

ਆਪਣਾ ਉਲੂ ਸਿੱਧਾ ਕਰਨਾ।

ਬੇਈਮਾਨ ਤੇ ਪਖੰਡੀਆਂ ਦਾ ਵੀ ਕਹਾਵਤਾਂ ਵਿਚ ਵਾਹਵਾ ਜਲੂਸ ਕਡਿੱਆ ਜਾਂਦਾ ਹੈ। ਜਿਵੇਂ

ਅੱਨ੍ਹਾਂ ਵੰਡੇ ਰੇੜੀਆਂ ਮੁੜ ਮੁੜ ਆਪਣਿਆਂ ਨੂੰ।

ਆਪਣੀ ਪੀੜ੍ਹੀ ਥਲੇ ਵੀ ਸੋਟਾ ਮਾਰ ਲਓ।

ਕਾਠ ਦੀ ਹਾਂਡੀ ਇਕੋ ਵਾਰ ਚੜ੍ਹਦੀ ਹੈ।

ਕਈ ਕਹਾਵਤਾਂ ਵਿਚ ਸਭ ਲਈ ਬਹੁਤ ਸਿਆਣੀਆਂ ਗੱਲਾਂ ਕਹੀਆਂ ਹੁੰਦੀਆਂ ਹਨ। ਜਿਵੇਂ

ਦਾਲ ਰੋਟੀ ਘਰ ਦੀ ਦੀਵਾਲੀ ਅਮ੍ਰਿਤਸਰ ਦੀ।

ਪੇਟ ਨਾ ਪਈਆਂ ਰੋਟੀਆਂ ਤਾਂ ਸਭੇ ਗੱਲਾਂ ਖੋਟੀਆਂ।

ਜਿਧਰ ਗਈਆਂ ਬੇੜੀਆਂ ਉਧਰ ਗਏ ਮਲਾਹ।

ਬਿੱਲੀ ਦੇ ਗਲ ਵਿਚ ਟੱਲੀ ਕੌਣ ਬੰਨ੍ਹੂ ?

ਸਾਵਣ ਦੇ ਅੰਨ੍ਹੇ ਨੂੰ ਹਰਾ ਹੀ ਦਿਸਦਾ ਹੈ।

ਬੂਹੇ ਆਈ ਜੰਜ ਵਿਨ੍ਹੋਂ ਕੁੜੀ ਦੇ ਕੰਨ।

ਸੁਣੋ ਸਭ ਦੀ ਕਰੋ (ਆਪਣੇ) ਮਨ ਦੀ।

ਜਿਹੜੀ ਮੌਜ ਛੱਜੂ ਦੇ ਚੁਬਾਰੇ ਉਹ ਨਾ ਬਲਖ ਨਾ ਬੁਖਾਰੇ।

ਜਿਹਦੀ ਕੋਠੀ ਦਾਣੇ ਉਹਦੇ ਕਮਲੇ ਵੀ ਸਿਆਣੇ।

(ਜਾਂ) ਚਾਦਰ ਵੇਖ ਕੇ ਹੀ ਪੈਰ ਪਸਾਰੋ।

ਹੁਣ ਇਹ ਅਖੌਣ ਜਾਂ ਮੁਹਾਵਰੇ ਪੰਜਾਬੀ ਭਾਸ਼ਾ, ਪੰਜਾਬ ਦੀ ਸਭਿੱਅਤਾ ਅਤੇ ਸਾਡੀ ਅਮੀਰ ਵਿਰਾਸਤ ਦਾ ਇਕ ਅਨਿੱਖੜਵਾਂ ਹਿੱਸਾ ਬਣ ਚੁਕੇ ਹਨ।



## ਗੁਰਬਾਣੀ ਵਿਚਾਰ

ਬ੍ਰਿਜਮਿੰਦਰ ਕੌਰ, ਜੈਪੁਰ (ਭਾਰਤ)



**ਅੰਮ੍ਰਿਤ ਨਾਮੁ ਨਿਰਮੋਲਕੁ ਹਰਿ ਜਸੁ ਤਿਨਿ ਪਾਇਓ ਜਿਸੁ ਕਿਰਪੈਨ॥**

ਜਿਸੁ ਤੇ ਗੁਰੂ ਸਾਹਿਬ ਦੀ ਬਖਸ਼ਿਸ ਹੁੰਦੀ ਹੈ ਉਹੀ ਅਮ੍ਰਿਤ ਰੂਪੀ ਤੇ ਨਿਰਮੋਲਕ ਪ੍ਰਭੂ-ਨਾਮ ਪ੍ਰਾਪਤ ਕਰ ਸਕਦਾ ਹੈ ।

**ਹਰਿ ਗੁਰੁ ਸਰਵਰੁ ਸੇਵਿ ਤੂ ਪਾਵਹਿ ਦਰਗਹ ਮਾਨੁ॥**

ਪਰਮਾਤਮਾ ਦੇ ਰੂਪ ਗੁਰੂ ਦੀ ਸਰਨ ਪਉ ਜੋ (ਆਤਮਾ ਪਵਿਤ੍ਰ ਕਰਨ ਵਾਲਾ) ਸਰੋਵਰ ਹੈ। ਪ੍ਰਭੂ ਦੀ ਹਜ਼ੂਰੀ ਵਿਚ ਆਦਰ ਹਾਸਲ ਕਰੇਂਗਾ।

**ਹਰਿ ਹਰਿ ਜਪਹੁ ਪਿਆਰਿਆ ਗੁਰਮਤਿ ਲੇ ਹਰਿ ਬੋਲਿ॥**

ਹੇ ਪਿਆਰੇ! ਹਰਿ-ਨਾਮ ਜਪੋ, ਗੁਰੂ ਦੀ ਮਤਿ ਉਤੇ ਤੁਰ ਕੇ ਹਰੀ ਦਾ ਸਿਮਰਨ ਕਰੋ।

**ਜਿਨ ਖਿਨੁ ਪਲੁ ਨਾਮੁ ਨ ਵੀਸਰੈ ਤੇ ਜਨ ਵਿਰਲੇ ਸੰਸਾਰਿ॥**

ਜਗਤ ਵਿਚ ਉਹ ਮਨੁੱਖ ਵਿਰਲੇ ਹੁੰਦੇ ਹਨ, ਜਿਨ੍ਹਾਂ ਨੂੰ ਪ੍ਰਭੂ ਦਾ ਨਾਮ ਖਿਨ ਪਲ ਵਾਸਤੇ ਭੀ ਨਹੀਂ ਭੁੱਲਦਾ।

**ਸਭਿ ਸੁਖ ਹਰਿ ਰਸ ਭੋਗਣੇ ਸੰਤ ਸਭਾ ਮਿਲਿ ਗਿਆਨੁ॥**

ਸੰਤਾਂ ਦੀ ਸੰਗਤਿ ਕਰ ਕੇ ਸਾਰੇ ਸੁਖ ਹਰੀ ਨਾਮ ਦੇ ਰਸ ਵਿਚੋਂ ਮਿਲਦੇ ਹਨ ਅਤੇ ਗਿਆਨ ਪ੍ਰਾਪਤ ਹੁੰਦਾ ਹੈ।

**ਸਾਧੂ ਸਤਗੁਰੁ ਜੇ ਮਿਲੈ ਤਾ ਪਾਈਐ ਗੁਣੀ ਨਿਧਾਨੁ॥**

ਜੇ ਮਨੁੱਖ ਨੂੰ ਗੁਰੂ ਸਤਿਗੁਰੂ ਮਿਲ ਪਏ, ਤਾਂ ਗੁਣਾਂ ਦਾ ਖ਼ਜ਼ਾਨਾ ਪ੍ਰਭੂ ਇਸ ਨੂੰ ਮਿਲ ਪੈਂਦਾ ਹੈ।

**ਸਚੇ ਸੇਤੀ ਰਲਿ ਮਿਲੇ ਸਚੇ ਗੁਣ ਪਰਗਾਸਿ॥**

ਉਹ ਜੋ ਸੱਚੇ ਪ੍ਰਭੂ ਨਾਲ ਇਕ-ਮਿਕ ਹੋ ਜਾਂਦੇ ਹਨ, ਪ੍ਰਭੂ ਦੇ ਗੁਣ ਉਹਨਾਂ ਵਿਚ ਉੱਘੜ ਆਉਂਦੇ ਹਨ।

**ਜਿਉ ਜਿਉ ਸਾਹਬੁ ਮਨਿ ਵਸੈ ਗੁਰਮੁਖਿ ਅੰਮ੍ਰਿਤੁ ਪੇਉ॥**

ਜਿਉਂ ਜਿਉਂ ਪ੍ਰਭੂ ਮਨ ਵਿਚ ਵਸਦਾ ਜਾਂਦਾ ਹੈ, ਗੁਰਮੁਖ ਆਤਮਕ ਜੀਵਨ ਵਾਲਾ ਨਾਮ-ਜਲ ਪੀਂਦੇ ਹਨ ।

**ਨਾਨਕ ਬੇੜੀ ਸਚ ਕੀ ਤਰੀਐ ਗੁਰ ਵੀਚਾਰਿ॥**

ਸੰਸਾਰ ਇਕ ਸਮੁੰਦਰ ਹੈ। ਗੁਰੂ ਦੇ ਵੀਚਾਰਾਂ ਵਾਲੀ ਸਚ ਦੀ ਬੇੜੀ ਬਣਾ ਕੇ ਇਸ ਤੋਂ ਪਾਰ ਲੰਘ ਸਕੀਦਾ ਹੈ।

**ਗੁਰਮੁਖਿ ਜਿਨੀ ਜਾਣਿਆ ਤਿਨ ਕੀਚੈ ਸਾਬਾਸਿ॥**

ਜਿਨ੍ਹਾਂ ਗੁਰਮੁਖਾਂ ਨੇ (ਗੁਰੂ ਤੋਂ) ਪ੍ਰਭੂ ਦੀ ਜੋਤਿ ਨੂੰ ਸਮਝ ਲਿਆ, ਉਹਨਾਂ ਨੂੰ ਸ਼ਾਬਾਸ਼ ਮਿਲਦੀ ਹੈ।

**ਨਿਤਿ ਅਹਿਨਿਸਿ ਹਰਿ ਪ੍ਰਭੁ ਸੇਵਿਆ ਸਤਗੁਰਿ ਦੀਆ ਨਾਮੁ॥**

ਜਿਸ ਨੂੰ ਸਤਿਗੁਰੂ ਨੇ ਨਾਮ ਦੀ ਦਾਤ ਬਖ਼ਸ਼ੀ, ਉਸ ਨੇ ਸਦਾ ਦਿਨ ਰਾਤ ਹਰੀ ਪ੍ਰਭੂ ਦਾ ਸਿਮਰਨ ਕੀਤਾ ਹੈ।

**ਅਨਹਦ ਸਬਦਿ ਸੁਹਾਵਣੇ ਪਾਈਐ ਗੁਰ ਵੀਚਾਰਿ॥**

ਇਹ ਅਨਹਦ ਸੁਹਾਵਣੀ ਧੁਨ ਤਦੋਂ ਪ੍ਰਾਪਤ ਹੁੰਦੀ ਹੈ ਜਦੋਂ ਗੁਰੂ ਦੇ ਸ਼ਬਦ ਤੇ ਵੀਚਾਰ ਕਰੀਏ।

**ਹਰਿ ਸਜਣੁ ਗੁਰੁ ਸੇਵਦਾ ਗੁਰ ਕਰਣੀ ਪਰਧਾਨੁ॥**

ਗੁਰੂ ਅਸਲ ਮਿਤ੍ਰ ਪਰਮਾਤਮਾ ਦਾ ਸਿਮਰਨ ਕਰਦਾ ਹੈ ਤੇ ਗੁਰੂ ਵਾਲੀ ਇਹ ਕਾਰ (ਦਰਗਾਹ ਵਿਚ) ਮੰਨੀ ਜਾਂਦੀ ਹੈ।

## ਸਤਿਨਾਮ ਕਰਤਾਰ

ਡਾ: ਦਲਵਿੰਦਰ ਸਿੰਘ ਗ੍ਰੇਵਾਲ, ਲੁਧਿਆਣਾ (ਭਾਰਤ)



ਜਿਸ ਦਾ ਹਰ ਕੋਈ ਅਪਣਾ ਹੋਵੇ, ਕੋਈ ਨਾ ਹੋਵੇ ਗ਼ੈਰ।

ਸਭ ਨੂੰ ਕਰੇ ਮੁਹੱਬਤ ਜਿਹੜਾ, ਨਾ ਰੱਖੇ ਜੋ ਵੈਰ।

ਉਸ ਨੂੰ ਜਿਸ ਦਾ ਡਰ ਭਉ ਹੋਵੇ, ਉਹ ਨਿਰਭਉ ਨਿਰੰਕਾਰ।

ਬੋਲੋ ਸਾਰੇ ਮਿਲ ਕੇ ਭਾਈ , ਸਤਿਨਾਮ ਕਰਤਾਰ।

ਜੱਗ ਪਾਲੇ, ਸੱਭ ਨੂੰ ਦਏ ਖਾਣਾ, ਸਭ ਦੀ ਰਖਿਆ ਕਰਦਾ।

ਨਾ ਡਰ ਲੈਂਦਾ, ਨਾ ਡਰ ਦੇਂਦਾ, ਫਿਰ ਵੀ ਸਭ ਜਗ ਡਰਦਾ।

ਉਸ ਦਾ ਨਾਮ ਲਿਆਂ ਤਾਂ ਹੁੰਦਾ, ਬੇੜਾ ਭਵਜਲ ਪਾਰ।

ਬੋਲੋ ਸਾਰੇ ਮਿਲ ਕੇ ਭਾਈ , ਸਤਿਨਾਮ ਕਰਤਾਰ।

ਆਉਣ ਜਾਣ ਵਿਚ ਪਾਏ ਸਾਰੇ, ਨਾ ਕੋਈ ਰੁਕਦਾ ਟਿਕਦਾ।

ਸਭ ਦੀ ਮੰਜ਼ਿਲ ਹੈ ਉਹ ਇਕੋ, ਮਿਲ-ਮੁਕਣਾ ਹਰ ਸਿਕਦਾ।

ਜਾਲ ਫਸਾਏ ਮਾਇਆ ਦਾ ਜਦ, ਹਰ ਹਿੰਮਤ ਬੇਕਾਰ।

ਬੋਲੋ ਸਾਰੇ ਮਿਲ ਕੇ ਭਾਈ , ਸਤਿਨਾਮ ਕਰਤਾਰ।

ਉਸ ਦੇ ਹੁਕਮ ‘ਚ ਹਰ ਕੋਈ ਚੱਲਦਾ, ਹੁਕਮ ‘ਚ ਜੀਂਦਾ ਮਰਦਾ।

ਜੋ ਬੁਝ ਲੈਂਦਾ ਹੁਕਮ ਹੈ ਉਸਦਾ, ਮੈਂ ਮੇਰੀ ਨਾ ਕਰਦਾ।

ਸਭ ਤੇ ਹੁਕਮ ਚਲਾਵੇ ਜਿਹੜਾ, ਉਹ ਸੱਚੀ ਸਰਕਾਰ।

ਬੋਲੋ ਸਾਰੇ ਮਿਲ ਕੇ ਭਾਈ , ਸਤਿਨਾਮ ਕਰਤਾਰ।

ਸਭਨਾ ਜੀਆ ਕਾ ਇਕੁ ਦਾਤਾ, ਹੋਰ ਨਾ ਦੂਜਾ ਕੋਈ।

ਉਹ ਮਾਲਕ ਉਹ ਪ੍ਰਿਤਪਾਲਕ, ਸਭ ਨੂੰ ਦੇਵੇ ਢੋਈ।

ਉਸ ਦਾ ਵੈਰੀ ਹੋਵੇ ਕਿਹੜਾ, ਜਿਸ ਦੇ ਸਭ ਦਿਲਦਾਰ।

ਬੋਲੋ ਸਾਰੇ ਮਿਲ ਕੇ ਭਾਈ , ਸਤਿਨਾਮ ਕਰਤਾਰ।

ਭਉ ਉਸਦੇ ਤੋਂ ਭਾਉ ਉਪਜੇ, ਭਉ ਬਿਨ ਭਾਉ ਨਾਹੀਂ।

ਉਸ ਤੋਂ ਵਿਛੁੜਣ ਦਾ ਭਉ ਚੰਗਾ, ਨਾਮ ਰਹੇ ਜੇ ਸਾਹੀਂ

ਪਲ ਪਲ ਉਸ ਨੂੰ ਯਾਦ ਕਰੋ ਤਾਂ ਜੁੜ ਜਾਵੇਗੀ ਤਾਰ।

ਬੋਲੋ ਸਾਰੇ ਮਿਲ ਕੇ ਭਾਈ , ਸਤਿਨਾਮ ਕਰਤਾਰ।

## ਗੈਲੀਪੋਲੀ ਦੀ ਲੜਾਈ

ਪ੍ਰੋਫੈਸਰ (ਡਾ.) ਸੁਰਜੀਤ ਸਿੰਘ ਭੱਟੀ, ਕੈਲਗਰੀ (ਕੈਨੇਡਾ)

ਇਸ ਲੜਾਈ ਵਿਚ ਰਾਸ਼ਟਰਮੰਡਲ (Commonwealth) ਦੇਸ਼ਾਂ ਭਾਰਤ, ਆਸਟ੍ਰੇਲੀਆ, ਨਿਊਜ਼ੀਲੈਂਡ, ਨਿਊਫਾਊਂਡਲੈਂਡ, ਅਲਜੀਰੀਆ ਅਤੇ ਟਿਊਨੀਸ਼ੀਆ ਦੇ ਸਮਰਥਨ ਨਾਲ ਸਹਿਯੋਗੀ (Allied Forces) ਫ਼ੌਜਾਂ (ਇੰਗਲੈਂਡ, ਫਰਾਂਸ ਅਤੇ ਰੂਸ ਦੁਆਰਾ ਗਠਿਤ-'ਦ ਟ੍ਰਿਪਲ ਐਂਟੈਂਟ') ਇੱਕ ਪਾਸੇ ਸਨ ਅਤੇ ਓਟੋਮਨ (Ottoman Empire) ਸਾਮਰਾਜ (ਤੁਰਕੀ, ਮਿਸਰ, ਉੱਤਰੀ ਅਫਰੀਕਾ ਦੇ ਕੁਝ ਹਿੱਸੇ, ਗ੍ਰੀਸ, ਹੰਗਰੀ, ਜਾਰਡਨ, ਲੇਬਨਾਨ, ਬੁਲਗਾਰੀਆ, ਰੋਮਾਨੀਆ, ਸੀਰੀਆ, ਇਜ਼ਰਾਈਲ, ਸਪੇਨ, ਪੁਰਤਗਾਲ, ਅਤੇ ਫਲਸਤੀਨੀ ਖੇਤਰ) ਦੂਜੇ ਪਾਸੇ ਸਨ। ਓਟੋਮਾਨ ਨੂੰ 'ਕੇਂਦਰੀ (Central Powers) ਸ਼ਕਤੀਆਂ' (ਜਰਮਨ ਸਾਮਰਾਜ, ਆਸਟ੍ਰੀਆ ਅਤੇ ਇਟਲੀ) ਦਾ ਸਮਰਥਨ ਪ੍ਰਾਪਤ ਸੀ। ਇਹ ਲੜਾਈ ਪਹਿਲੇ ਵਿਸ਼ਵ ਯੁੱਧ ਦਾ ਹਿੱਸਾ ਸੀ ਅਤੇ 17 ਫਰਵਰੀ 1915 ਤੋਂ 9 ਜਨਵਰੀ 1916 ਤੱਕ ਹੋਈ ਸੀ।




ਗੈਲੀਪੋਲੀ ਤੁਰਕੀ ਦੇ ਯੂਰਪੀਅਨ ਅਤੇ ਏਸ਼ੀਆਈ ਪਾਸਿਆਂ ਵਿਚਕਾਰ ਇੱਕ ਪ੍ਰਾਇਦੀਪ (Peninsula) ਹੈ। ਇਸ ਦੇ ਪੱਛਮ ਵਿੱਚ ਭੂਮੱਧ ਸਾਗਰ ਨਾਲ ਜੁੜਿਆ ਏਜ਼ੀਅਨ ਸਾਗਰ ਹੈ। ਪੂਰਬ ਵਿਚ ਕਾਲਾ ਸਾਗਰ ਵੱਲ ਡਾਰਡੇਨੇਲਜ਼ ਅਤੇ ਬੋਸਪੋਰਸ ਖਾੜੀਆਂ ਹਨ। ਸਹਿਯੋਗੀ ਦੇਸ਼ਾਂ ਦਾ ਮੁੱਖ ਉਦੇਸ਼ ਇਸ ਰਸਤੇ ਰਾਹੀਂ ਪੱਛਮੀ ਅਤੇ ਪੂਰਬੀ ਯੂਰਪ ਵਿਚਕਾਰ ਆਪਣੇ ਜਹਾਜ਼ਾਂ ਲਈ ਸੁਰੱਖਿਅਤ ਰਸਤਾ ਬਣਾਉਣਾ ਸੀ। ਇਸ ਨਾਲ ਉਨ੍ਹਾਂ ਨੂੰ ਤੁਰਕੀ ਦੀ ਰਾਜਧਾਨੀ ਇਸਤਾਨਬੁਲ ਦਾ ਕੰਟਰੋਲ ਵੀ ਮਿਲ ਸਕਦਾ ਸੀ। ਉਨ੍ਹਾਂ ਦੀ ਰਣਨੀਤੀ ਤੁਰਕੀ ਅਤੇ ਜਰਮਨੀ ਨੂੰ ਵਿਸ਼ਵ ਯੁਧ ਤੋਂ ਬਾਹਰ ਕਰਨ ਦੀ ਸੀ।

ਸਹਿਯੋਗੀ ਦੇਸ਼ਾਂ ਨੇ ਤੁਰਕੀ ਵਿਰੁੱਧ ਜੰਗ ਦਾ ਐਲਾਨ ਜਨਰਲ ਸਰ ਇਆਨ ਹੈਮਿਲਟਨ ਦੀ ਕਮਾਂਡ ਹੇਠ ਫਰਵਰੀ 1915 ਵਿੱਚ ਡਾਰਡਨੇਲਜ਼ ਉੱਤੇ ਹਮਲੇ ਨਾਲ ਕੀਤਾ। ਪਰ ਬ੍ਰਿਟਿਸ਼ ਅਤੇ ਫ੍ਰੈਂਚ ਲੜਾਕੂ ਬੇੜੇ ਆਪਣੇ ਰਸਤੇ ਬਣਾਉਣ ਦੀਆਂ ਕੋਸ਼ਿਸ਼ਾਂ ਵਿੱਚ ਅਸਫਲ ਰਹੇ। ਉਨ੍ਹਾਂ ਦੇ ਜੰਗੀ ਜਹਾਜ਼ ਅਤੇ ਪਣਡੁੱਬੀਆਂ ਸੁਰੰਗਾਂ ਦੀ ਮਾਰ ਨਾਲ ਡੁੱਬ ਗਈਆਂ ਜਾਂ ਨੁਕਸਾਨੀਆਂ ਗਈਆਂ। ਅਪਰੈਲ 1915 ਵਿੱਚ, ਸਹਿਯੋਗੀ ਫ਼ੌਜਾਂ ਨੇ ਭਾਰਤੀ ਫ਼ੌਜ ਦੇ ਨਾਲ, ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਆਰਮੀ ਕੋਰ (ANZAC) ਨੂੰ ਜ਼ਮੀਨੀ ਜੰਗ ਲਈ ਕੇਪ ਹੈਲਜ਼ ਵਿਚ ਭੇਜਿਆ। ਕਮਾਂਡਰ ਮੁਸਤਫਾ ਕਮਾਲ ਦੇ ਅਧੀਨ, ਤੁਰਕਾਂ ਨੇ ਉਨ੍ਹਾਂ ਨੂੰ ਬੁਰੀ ਤਰ੍ਹਾਂ ਹਰਾਇਆ, ਹਾਲਾਂਕਿ ਤੁਰਕਾਂ ਨੂੰ ਵੀ ਭਾਰੀ ਜਾਨੀ ਨੁਕਸਾਨ ਹੋਇਆ। ਅੰਤ ਵਿੱਚ, ਤੁਰਕਾਂ ਨੇ ਉਹਨਾਂ ਨੂੰ ਜਨਵਰੀ 1916 ਵਿੱਚ ਗੈਲੀਪੋਲੀ ਖਾਲੀ ਕਰਨ ਲਈ ਮਜ਼ਬੂਰ ਕਰ ਦਿੱਤਾ। ਸਹਿਯੋਗੀਆਂ ਦੀ ਇਸ ਤਬਾਹੀ ਤੋਂ ਬਾਅਦ ਸਰ ਵਿੰਸਟਨ ਚਰਚਿਲ ਦੀ ਪਦਵੀ ਘਟ ਕਰ ਦਿੱਤੀ ਗਈ।

**ਗੈਲੀਪੋਲੀ ਦੀ ਲੜਾਈ ਵਿੱਚ ਸਿੱਖਾਂ ਦੀ ਭੂਮਿਕਾ**

ਲਗਭਗ 5000 ਸਿੱਖ ਬ੍ਰਿਟਿਸ਼ ਇੰਡੀਅਨ ਆਰਮੀ ਦਾ ਹਿੱਸਾ ਸਨ ਜਿਨ੍ਹਾਂ ਨੇ ਗੈਲੀਪੋਲੀ ਵਿਖੇ ਸਨਮਾਨ ਨਾਲ ਸੇਵਾ ਕੀਤੀ ਅਤੇ ਭਾਰੀ ਜਾਨੀ ਨੁਕਸਾਨ ਵੀ ਉਠਾਇਆ। ਉਹਨਾਂ ਨੂੰ ਬਹਾਦਰੀ ਦੇ ਸਿਤਾਰੇ, ਮੈਡਲ, ਵਿਲੱਖਣ ਸੇਵਾ ਮੈਡਲ ਅਤੇ ਜਨਰਲ ਸਰਵਿਸ ਮੈਡਲਾਂ ਨਾਲ ਸਨਮਾਨਿਤ ਕੀਤਾ ਗਿਆ। **14**-ਵੀਂ ਸਿੱਖ ਰੈਜੀਮੈਂਟ ਅਤੇ ਫਿਰੋਜ਼ਪੁਰ ਸਿੱਖ ਰੈਜੀਮੈਂਟ ਨੇ ਇੱਕੋ ਦਿਨ ਵਿਚ (4 ਜੂਨ, 1915 ਨੂੰ) ਕ੍ਰਮਵਾਰ 379 ਅਤੇ 380 ਜਵਾਨ ਗੁਆ ਦਿੱਤੇ। ਬਹੁਤੇ ਭਾਰਤੀ ਇਸ ਮੁਹਿੰਮ ਵਿੱਚ ਸਿੱਖਾਂ ਦੀ ਬਹਾਦਰੀ ਤੋਂ ਲਗਭਗ ਅਣਜਾਣ ਹਨ। ਸਿਖਾਂ ਦੀ ਬਹਾਦਰੀ ਦਾ ਵਰਣਨ ਪੀਟਰ ਸਟੈਨਲੀ ਦੁਆਰਾ Die in Danger Don't Despair ਕਿਤਾਬ ਵਿੱਚ ਕੀਤਾ ਗਿਆ ਹੈ।ਪਟਿਆਲੇ ਵਿਚ ਇਨ੍ਹਾਂ ਦੀ ਯਾਦਗਾਰ ਬਣਾਈ ਗਈ ਹੈ। ਅਲਾਈਡ ਕਮਾਂਡਰ ਜਨਰਲ ਸਰ ਇਆਨ ਹੈਮਿਲਟਨ ਦੁਆਰਾ ਇਨ੍ਹਾਂ ਸੈਨਿਕਾਂ ਨੂੰ ਵੱਡੀ ਸ਼ਰਧਾਂਜਲੀ ਭੇਟ ਕੀਤੀ ਗਈ।

*"In the highest sense of the word extreme gallantry was shown by Sikhs*
*In spite of their tremendous losses there was not a sign of wavering.*
*Not an inch of ground was given up , not a single straggler came back*
*The Enemy trenches were blocked with bodies of Sikhs and the enemy*
*Slope is thickly dotted with bodies of fine soldiers lying on their faces.*
*History of the Sikhs affords us many instances of their value as soldiers*
*Nothing finer than valour & discipline displayed by Khalsa can be seen.*
*Their devotion to duty and splendid loyalty to their leaders' orders make*
*A record their nation should look upon with pride for many generations."*





## ਸਾਨੂੰ ਇਨ੍ਹਾਂ ਤੇ ਮਾਣ ਹੈ

Capt. Harpreet Kaur Chandi MBE and Wing Commander Manjit Singh Ghataora OBE honoured by British Queen for their meritorious services.





Five Gursikh girls of the ‘Nishan-e-Sikhi Institute’, Khadur Sahib (Amritsar) selected as Sub-Inspectors.

**ਸਾਨੂੰ ਇਨ੍ਹਾਂ ਤੇ ਮਾਣ ਹੈ**

ਬਲਜੀਤ ਕੌਰ ਪਹਿਲੀ ਭਾਰਤੀ ਪਰਬਤਾਰੋਹੀ

ਜਿਨ੍ਹਾਂ ਨੂੰ 25 ਦਿਨਾਂ ਵਿਚ 8000 ਮੀਟਰ ਤੋਂ ਵਧ ਉਚੀਆਂ ਵਾਲੀਆਂ

ਚਾਰ ਚੋਟੀਆਂ ਤੇ ਚੜ੍ਹਨ ਦਾ ਮਾਣ ਪ੍ਰਾਪਤ ਹੋਇਆ।

ਇਨ੍ਹਾਂ ਵਿਚੋਂ ਇੱਕ ਦੀ ਉਚਾਈ 8516 ਮੀਟਰ ਹੈ।



(ਮਾਊਂਟ ਐਵਰੈਸਟ ਦੀ ਉਚਾਈ 8849 ਮੀਟਰ ਹੈ)

## ਸਾਨੂੰ ਇਨ੍ਹਾਂ ਤੇ ਮਾਣ ਹੈ

## Honour for YUVRAJ SINGH at U of C Convocation of June 2022

Before conferment of degrees to graduates of Faculty of Sciences, President of University of Calgary made a **Special Reference** to **Yuvraj Singh**'s unique achievements. These include: *City of Calgary* Award (2017-18), Calgary's *Top 20 Under 20* (2019), *Face of the Community 2020*, *Immigrant of Distinction (IDA)*, *University of Calgary VPR Catalyst Grant*, *Genesis Center* Grants (2021, 2022), *Canadian Council for Youth Prosperity* Honorarium (2021), *Rutherford Scholarship* (2017), *Dr. Fred G. Holberton Bursary* for Leadership in Alberta Youth Parliament (2018-2019), *Commonwealth Parliamentary Association* Award for Youth leadership (2019-2020), *Summer Research Honorarium* with Deptt. of Bioinformatics and Genetics (2017), *SCiP Scholarship*, *Calgary Police Honorarium* (2017 - 20), *Employment and Social Development Canada (ESDC) Honorarium* (2021) and *Rising Youth Grant* x2 (2022). He completed five Research Projects.





1). Gut microbiome-mediated epigenetic regulation of brain disorder and application of machine learning for multi-omics data analysis (PMID: 33031715).

2). The role of K-12 diversity curriculum in improving race outcomes (ongoing research project jointly with the Canadian Cultural Mosaic Foundation and Werklund School of Education).

3). Monoclonal antibody engineering techniques and mechanisms (Review for MDSC 321, 2020).

4). The role of social determinants of health in creating positive health outcomes for racial minorities and immigrant populations (Review article for SOCI 365, 2020).

5). Exploration of heart failure in South Asian community using BNP biomarker (2019).

## ਸ਼ਹੀਦਾਂ ਦੇ ਸਿਰਤਾਜ

ਪਲਵਿੰਦਰ ਸਿੰਘ ਰੰਧਾਵਾ, ਸਰੀ (ਕੈਨੇਡਾ)



ਤੱਤੇ ਦਿਨ ਸਨ ਕਹਿਰ ਦੇ , ਉਤੋਂ ਤਵੀ ਤਪਾਈ।
ਬਹਿਕੇ ਉੱਪਰ ਸਤਿਗੁਰਾਂ ਸੀ , ਠੰਡ ਵਰਤਾਈ।
ਤੱਤਾ ਰੇਤਾ ਸੀਸ ਵਿੱਚ, ਕੀ ਭਾਣਾ ਤੇਰਾ।
ਸ਼ਹੀਦਾ ਦੇ ਸਿਰਤਾਜ ਨੂੰ , ਪ੍ਰਣਾਮ ਹੈ ਮੇਰਾ।
ਸ਼ਹੀਦਾ ਦੇ ਸਿਰਤਾਜ ਨੂੰ ,ਹੈ ਸਿਜਦਾ ਮੇਰਾ।
ਤਪਦੇ ਹਿਰਦੇ ਜਿੰਨਾ ਦੇ , ਉਹ ਜਗ ਤਪਾਵੇ
ਈਰਖਾ ਸਾੜੇ ਜਿੰਨਾ ਨੂੰ ,ਕਦ ਠੰਡ ਵਰਤਾਵੇ
ਹੌਮੇ ਵੱਧ ਜਾਏ ਬੰਦੇ ਦੀ , ਖੜਾ ਕਰੇ ਬਖੇੜਾ।
ਸ਼ਹੀਦਾ ਦੇ———-
ਚਾਲ ਨਿਰਾਲੀ ਗਾਖੜੀ , ਤੇ ਪੰਧ ਲਮੇਰਾ।
ਹਿਰਦੇ ਹੁੰਦਾ ਗਿਆਨ ਦੇ ਸਬਰਾਂ ਦਾ ਡੇਰਾ।
ਧੀਰਜ ਦਾ ਮੀਂਹ ਵਰਸਿਆ , ਫੁਲੇ ਚਾਰ ਚੁਫੇਰਾ।
ਸ਼ਹੀਦਾ ਦੇ ——-
ਖੁੱਲੇ ਬੂਹੇ ਧਰਮ ਦੇ , ਬੈਹਠੇ ਆ ਸਚਿਆਰੇ ।
ਮੱਘ ਪਏ ਗੀਠੇ ਸਹਿਜ ਦੇ , ਸੇਕਣ ਵਣਜਾਰੇ।
ਜਿੰਨਾ ਵਣਜ ਕਮਾਉਣਾ ਸੱਚ ਦਾ , ਚੁੱਕ ਲਿਆ ਪਸੇਰਾਂ
ਸ਼ਹੀਦਾ ਦੇ ——-

ਕਲਜੁਗ ਜਹਾਜ਼ ਅਰਜਨ ਗੁਰੂ, ਬਾਣੀ ਦੇ ਸਾਗਰ।
ਮਾਰੂ , ਸੋਹਲੇ, ਸੁਖਮਨੀ , ਹੀਰੇ ਰਤਨਾਕਰ
ਗਾਵਿਆ ਸੁਣਿਆ ਜਿੰਨਾ ਨੂੰ , ਪੰਧ ਹੋਏ ਸੁਖੇਰਾ।
ਸ਼ਹੀਦਾ ਦੇ———
ਸ਼ਹਾਦਤ ਦੇ ਵਿਚੋ ਉਪਜਿਆ , ਫੇਰ ਜੋਸ਼ ਨਿਆਰਾ ।
ਗੱਜਿਆ ਛੇਵਾਂ ਪਾਤਸ਼ਾਹ , ਯੋਧਾ ਬਲਕਾਰਾ ।
ਮੀਰੀ ਪੀਰੀ ਵਾਲੂੜੇ ਢਾਹਿਆ ਜ਼ੁਲਮੀ ਡੇਰਾ।
ਸ਼ਹੀਦਾ ਦੇ ——————
ਭੂਪਤ ਰਾਜੇ ਆਏ ਕਈ , ਇੱਥੇ ਕਹਿਰ ਕਮਾਵਣ।
ਬੱਲਬੂਤੇ ਕੂੜੇ ਝੂਠ ਦੇ , ਉਹ ਸੱਚ ਦਬਾਵਣ।
ਪਲਵਿੰਦਰਾ ਝੰਡਾ ਕੌਮ ਦਾ ,ਸਦਾ ਰਿਹਾ ਉਚੇਰਾ।
ਸ਼ਹੀਦਾ ਦੇ ਸਿਰਤਾਜ ਨੂੰ ਪ੍ਰਣਾਮ ਹੈ ਮੇਰਾ।
ਸ਼ਹੀਦਾ ਦੇ ਸਿਰਤਾਜ ਨੂੰ , ਹੈ ਸਿਜਦਾ ਮੇਰਾ।

## ਸਬਰ – ਸੰਤੋਖ

ਬਲਕਾਰ ਸਿੰਘ ਭਾਈ ਰੂਪਾ, ਰਾਮਪੁਰਾ ਫੂਲ, ਬਠਿੰਡਾ (ਭਾਰਤ) 8727892570



ਸਬਰ ਤੋਂ ਭਾਵ ਹੈ ਧੀਰਜ। ਸਬਰ ਰੱਖਣ ਤੋਂ ਭਾਵ ਧੀਰਜ ਜਾਂ ਸਹਿਣਸ਼ੀਲਤਾ ਰੱਖਣਾ। ਉਦਾਹਰਣ ਵਜੋਂ ਪੁਰਾਣੇ ਸਮਿਆਂ ਵਿੱਚ ਲੋਕ ਆਖਦੇ ਸਨ: ਕੋਈ ਨਾ ਹੌਂਸਲਾ ਰੱਖੋ, ਪ੍ਰਮਾਤਮਾ ਆਪੇ ਮਿਹਨਤ ਨੂੰ ਰੰਗ ਲਾਵੇਗਾ। ਜੇਕਰ ਸਬਰ ਦੀ ਪਰਿਭਾਸ਼ਾ ਲਿਖੀਏ ਸਬਰ ਇੱਕ ਅਜਿਹੀ ਚੀਜ਼ ਹੈ ਜਿਸਨੇ ਜ਼ਿੰਦਗੀ ਵਿਚ ਸਬਰ ਪਾ ਲਿਆ ਉਸਨੇ ਜ਼ਿੰਦਗੀ ਦਾ ਹਰ ਮਨੋਰਥ ਪੂਰਾ ਕਰ ਲਿਆ।

ਔਜਕੇ ਸਮੇਂ ਵਿੱਚ ਸਬਰ ਰੱਖਣਾ ਹਰ ਇਕ ਦੇ ਵੱਸ ਦੀ ਗੱਲ ਨਹੀਂ ਰਹੀ ਕਿਉਂਕਿ ਮਨੁੱਖ ਦੀ ਲਾਲਸਾ ਇੰਨੀ ਵੱਧ ਚੁੱਕੀ ਹੈ ਕਿ ਉਹ ਕਿਸੇ ਚੀਜ਼ ਨੂੰ ਪਾ ਕੇ ਵੀ ਸੰਤੁਸ਼ਟ ਨਹੀਂ ਹੋ ਸਕਦਾ। ਇੱਕ ਚੀਜ਼ ਪਾ ਕੇ ਅੱਗੇ ਹੋਰ ਚੀਜ਼ਾਂ ਦੀ ਲਾਲਸਾ ਵੱਧ ਜਾਂਦੀ ਹੈ। ਹੁਣ ਸਵਾਲ ਇਹ ਖੜਾ ਹੁੰਦਾ ਕਿ ਆਖਿਰ ਸਬਰ ਨੂੰ ਰੱਖਿਆ ਕਿਵੇਂ ਜਾਵੇ ?

ਹਰ ਮਨੁੱਖ ਆਪਣੇ ਆਪ ਨੂੰ ਉੱਚੀ ਪਦਵੀ ਤੇ ਲਿਜਾਣ ਦੀ ਦੌੜ ਵਿੱਚ ਲੱਗਿਆ ਹੋਇਆ ਹੈ। ਧਾਰਮਿਕ ਬਿਰਤੀ ਵਾਲੇ ਲੋਕ ਸਬਰ ਰੱਖਣ ਵਿੱਚ ਜਲਦੀ ਕਾਮਯਾਬ ਹੋ ਜਾਂਦੇ ਹਨ ਕਿਉਂਕਿ ਉਨ੍ਹਾਂ ਦਾ ਮਨ ਇੱਕ ਪਰਮਾਤਮਾ ਵਾਹਿਗੁਰੂ ਨਾਲ ਜੁੜਿਆ ਹੁੰਦਾ ਹੈ ਇੱਕ ਕਥਨ ਹੈ: ਪਰਮਾਤਮਾ ਜੋ ਕਰਦਾ ਹੈ ਚੰਗਾ ਹੀ ਕਰਦਾ ਹੈ। ਗੱਲ ਭਾਵੇਂ ਛੋਟੀ ਹੈ ਪਰ ਕਮਾਉਣੀ ਬਹੁਤ ਔਖੀ ਹੈ। ਜਦ ਮਨੁੱਖ ਸਮਝ ਜਾਵੇ ਕਿ ਜ਼ਿੰਦਗੀ ਬਹੁਤ ਛੋਟੀ ਹੈ, ਉਸਨੇ ਹਰ ਇੱਕ ਨਾਲ ਪਿਆਰ ਕਮਾਉਣਾ ਹੈ ਤਾਂ ਉਹ ਇਸ ਗੁੰਝਲਦਾਰ ਜ਼ਿੰਦਗੀ ਵਿੱਚੋਂ ਨਿਕਲ ਸਕਦਾ ਹੈ। ਫਰੀਦ ਜੀ ਦਾ ਕਥਨ ਹੈ :

**ਫ਼ਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹੰਢਾਏ॥ ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛ ਪਾਏ॥** ਜਦੋਂ ਇਨਸਾਨ ਜ਼ਿੰਦਗੀ ਵਿੱਚ ਬੁਰੇ ਦਾ ਵੀ ਭਲਾ ਕਰਨ ਦਾ ਸੋਚਦਾ ਹੈ ਤਾਂ ਜ਼ਿੰਦਗੀ ਵਿੱਚ ਹਰ ਪਾਸੇ ਖੁਸ਼ੀ ਹੀ ਖੁਸ਼ੀ ਮਹਿਸੂਸ ਹੁੰਦੀ ਹੈ ।ਸਬਰ ਰੱਖ ਕੇ ਮਨੁੱਖ ਹਰ ਕੁਝ ਪਾਲੈਂਦਾ ਹੈ।ਉਸਦੀ ਦੇਹੀ ਨੂੰ ਅਹੰਕਾਰ ਰੂਪੀ ਰੋਗ ਖ਼ਤਮ ਹੋ ਜਾਂਦੇ ਹਨ।

ਹੁਣ ਆਪਾਂ ਇਸ ਅਹੰਕਾਰ ਨੂੰ ਖਤਮ ਕਰਕੇ ਧੀਰਜ ਅਪਣਾਉਣ ਦੀ ਗੱਲ ਕਰਦੇ ਹਾਂ।ਸੰਸਾਰ ਦਾ ਇੱਕ ਨਕਸ਼ਾ ਲਵੋ ਉਸਤੇ ਆਪਣੀ ਜਗਾ ਭਾਲ ਕੇ ਬਿੰਦੂ ਲਗਾਓ ਫਿਰ ਦੁਨੀਆਂ ਦੀ ਜਨਸੰਖਿਆ ਅਨੁਸਾਰ ਬਿੰਦੂ ਲਗਾਓ।ਉਸਦੇ ਵਿੱਚ ਆਪਣਾ ਬਿੰਦੂ ਲਭੋ ਇਨਸਾਨ ਨੂੰ ਜਲਦੀ ਹੀ ਆਪਣੀ ਕੀਮਤ ਪਤਾ ਲੱਗ ਜਾਵੇਗੀ ਕਿ ਮੇਰੇ ਵਰਗੇ ਹੋਰ ਵੀ ਕਰੋੜਾਂ ਲੋਕਾਂ ਜਿਉਂਦੇ ਹਨ ।

ਅਹੰਕਾਰ ਦੂਰ ਕਰਨ ਲਈ ਕਿਤੇ ਸ਼ਮਸ਼ਾਨ ਘਾਟ ਦਾ ਗੇੜਾ ਲਗਾ ਲਵੋ ਉਥੇ ਬੰਦੇ ਦੇ ਸਰੀਰ ਤੋਂ ਬਣੀ ਮਿੱਟੀ ਇਨਸਾਨ ਦੇ ਅੰਹਕਾਰ ਨੂੰ ਤੋੜ ਕੇ ਧੀਰਜ ਰੱਖਣ ਦਾ ਸਬਕ ਸਿਖਾਉਂਦੀ ਹੈ ।

ਸਬਰ ਰੱਖਣ ਲਈ ਗੁਰਬਾਣੀ ਦਾ ਅਧਿਐਨ ਕਰੋ। ਗੁਰਬਾਣੀ ਜ਼ਿੰਦਗੀ ਵਿੱਚ ਅਮਲ ਵਿੱਚ ਲਿਆ ਕੇ ਵੀ ਧੀਰਜ ਪਾ ਸਕਦੇ ਹੋ।

ਖ਼ਰਗੋਸ਼ ਅਤੇ ਕੱਛੂ ਕੰਮੇ ਦੀ ਕਹਾਣੀ ਵੀ ਸਾਨੂੰ ਧੀਰਜ ਦਾ ਸਬਕ ਸਿਖਾਉਂਦੀ ਹੈ। ਸਾਧੂ ਸੰਤਾਂ ਦੇ ਜੀਵਨ ਦੀਆਂ ਘਟਨਾਵਾਂ ਪੜ ਕੇ ਵੀ ਇਨਸਾਨ ਸਬਰ, ਸਹਿਨਸ਼ੀਲਤਾ, ਧੀਰਜ ਰੱਖਣ ਵਿੱਚ ਸਫਲ ਹੋ ਸਕਦਾ ਹੈ।

# ਮਹਿੰਗੀ ਪਈ ਪੰਜਾਬ ਨੂੰ ਆਜ਼ਾਦੀ

ਸੀਮਾ ਸੰਧੂ, ਅਮ੍ਰਿਤਸਰ (ਭਾਰਤ) – ਫੋਨ: 98889 40106

ਆਜ਼ਾਦੀ ਪੰਜਾਬ ਦੀ ਹਿੱਕ ਤੇ ਇੰਝ ਤੁਰ ਕੇ ਆਈ ਕਿ ਲੋਥਾਂ ਹੀ ਲੋਥਾਂ ਸਨ ਤੇ ਦਰਿਆਵਾਂ ਦਾ ਪਾਣੀ ਵੀ ਲਹੂ ਹੋ ਗਿਆ! ਮਾਂ ਦੀ ਜ਼ੁਬਾਨੀ ਲਫਜ਼ ਪਿਰੋਏ ਧੀ ਨੇ!



ਸਥਾਨ– ਜ਼ਿਲਾ ਲਾਇਲਪੁਰ, ਪਿੰਡ ਗੁਲਾਲੀਪੁਰ ਝੰਗ ਰੋਡ, ਸਾਲ 1947, ਸਮਾਂ ਤਿਰਕਾਲਾਂ ਦਾ ਵੇਲਾ ... ਖੌਫ਼ ਦੇ ਬੱਦਲ ਹਨ ਚਾਰੇ ਪਾਸੇ। ਘਰ ਦਾ ਮੁਖੀਆ ਸਰਦਾਰ ਜਵਾਲਾ ਸਿੰਘ, ਥੋੜ੍ਹਾ ਜਿਹਾ ਪੱਕੇ ਰੰਗ ਦਾ ਹੈ ਪਰ ਅੱਜ ਕੁਝ ਹੋਰ ਵੀ ਗੂੜ੍ਹਾ ਹੋ ਕੇ ਲਿਸ਼ਕ ਰਿਹਾ ਹੈ! ਬੇਸ਼ੱਕ ਉਸ ਦੇ ਤਿੰਨ ਗੱਭਰੂ ਪੁੱਤ ਹਨ, ਦੋ ਨੂੰਹਾਂ ਤੇ ਇੱਕ ਨਿੱਕੀ ਬਾਰਾਂ ਤੇਰਾਂ ਸਾਲਾਂ ਦੀ ਧੀ! ਕਹਿੰਦਾ ਕਹਾਉਂਦਾ ਸਰਦਾਰ ਮੁਰੱਬਿਆਂ ਦਾ ਮਾਲਿਕ। ਚੰਗੀ ਚਲਦੀ ਹੈ ਇਲਾਕੇ ਵਿਚ। ਪਰ ਅੱਜ ਸਵੇਰ ਤੋਂ ਮੱਥੇ ਦੀਆਂ ਤਿਉੜੀਆਂ ਕੁੱਝ ਜ਼ਿਆਦਾ ਹੀ ਗੂੜ੍ਹੀਆਂ ਹੋ ਗਈਆਂ ਹਨ! ਘਰ ਵਾਲੀ ਆਸ ਕੌਰ ਪੁਛਦੀ ਹੈ,"ਕੀ ਗੱਲ ਹੈ ਸਰਦਾਰ ਜੀ ਤੁਸਾਂ ਡਾਹਢੇ ਈ ਫ਼ਿਕਰਮੰਦ ਹੋ ਅੱਜ?"

"ਕੁਝ ਨਹੀਂ, ਭਾਗਾਂ ਵਾਲੀਏ ... ਆਹ ਰੌਲੇ ਗੌਲੇ ਦੀ ਮੈਂ ਤਾਂ ਪਰਵਾਹ ਹੀ ਨਹੀਂ ਕੀਤੀ ਏਨੇ ਦਿਨ, ਪਰ ਹੁਣੇ ਮੌਲਵੀ ਜੀ ਬਾਹਰ ਮਿਲੇ। ਆਪਣੀ ਸਮਝ ਮੁਤਾਬਿਕ ਉਨ੍ਹਾਂ ਜੋ ਦੱਸਿਆ ਯਕੀਨ ਨਹੀਂ ਆ ਰਿਹਾ ਕਿ – "ਸਾਡੇ ਇਲਾਕੇ ਵਿਚ ਵੀ ਹਮਲੇ ਹੋਣੇ ਸ਼ੁਰੂ ਹੋ ਗਏ ਹਨ ਤੇ ਤੁਸੀਂ ਅੰਦਰ ਖਾਤੇ ਤਿਆਰੀ ਕਰ ਛੱਡੋ। ਖਾਸ ਕਰ ਟੂੰਮਛੱਲਾ, ਗਹਿਣਾ ਗੱਟਾ ਤੇ ਨਕਦ ਜਰੂਰ ਸੰਭਾਲ ਲਵੋ। ਹੁਣ ਤੂੰ ਹੀ ਦੱਸ ਕੀ ਕਰੀਏ?" ਕਹਿੰਦਿਆਂ ਹੋਇਆਂ, ਨਿੱਕੀ ਕੁੜੀ ਨੂੰ ਧਰੇਕ ਦੀ ਛਾਵੇਂ ਬੈਠੀ ਚਾਦਰ ਕੱਢਦੀ ਵੇਖ ਇੱਕ ਹਉਕਾ ਜਿਹਾ ਲਿਆ! "ਹੈਂ! ਇਹ ਕੀ ਗੱਲ ਹੋਈ?" ਆਸ ਕੌਰ ਦੀਆਂ ਅੱਖਾਂ ਵੀ ਹੋਰ ਫੈਲ ਗਈਆਂ! ਉਸ ਦਾ ਧਿਆਨ ਵੀ ਧਰੇਕ ਵੱਲ ਚਲਾ ਗਿਆ! ਸਰਦਾਰ ਨੇ ਦੋ ਕੁ ਘੇਰੇ ਮੰਜੀ ਦੇ ਘੱਤੇ ਤੇ ਫਿਰ ਕਾਹਲੀ ਨਾਲ ਹਵੇਲੀ ਦੀ ਡਿਉੜੀ ਪਾਰ ਕਰ ਗਿਆ!

ਸਰਦਾਰਨੀ ਵੀ ਹੌਲੀ ਹੌਲੀ ਦਲਾਨ ਨੂੰ ਪਾਰ ਕਰ ਕੋਠੜੀਆਂ ਵੱਲ ਹੋ ਤੁਰੀ! ਇੱਕ ਸਿਰਹਾਣੇ ਦਾ ਮੈਲਾ ਜਿਹਾ ਉਛਾੜ ਲਾਹ ਕੇ ਆਪਣਾ ਸਾਰਾ ਟੂਮ-ਛੱਲਾ ਤੇ ਨਕਦੀ ਪਾ ਕੇ ਗੰਢ ਮਾਰ ਲਈ! ਅੱਜ ਸਰਦਾਰ ਨੇ ਰਾਤ ਰੋਟੀ ਵੀ ਥੋੜ੍ਹੀ ਖਾਧੀ। ਪੁੱਤਰਾਂ ਨੂੰ ਵੀ ਘਰ ਹੀ ਸੌਂ ਜਾਣ ਲਈ ਤਾਕੀਦ ਕੀਤੀ। ਅੱਧੀ ਰਾਤ ਸੀ, ਗਿੱਟੀਆਂ ਅਜੇ ਅੰਬਰ ਦੇ ਸਿਰ ਤੇ ਸਨ ਕਿ ਕੁਝ ਰੌਲਾ ਸੁਣਾਈ ਦਿੱਤਾ। ਘਰ ਦੇ ਸਭ ਜੀਅ ਅੱਬੜਵਾਹੇ ਉੱਠ ਗਏ। ਗੱਡੇ ਤਾਂ ਰਾਤ ਹੀ ਸਰਦਾਰ ਨੇ ਹਵੇਲੀ ਲੈ ਆਂਦੇ ਸਨ!

ਚੌਧਰੀ ਸਿਰਾਜਾ ਤੇ ਉਸਦੇ ਹੋਰ ਸਾਥੀਆਂ ਨੇ ਬਾਰ ਖੜਕਾਇਆ! "ਮਖਿਆਂ! ਜਵਾਲਾ ਸਿੰਹਾਂ! ਤਿਆਰੀ ਕਰ ਲਵੋ ਫਟਾਫਟ ਮਹੌਲ ਖਰਾਬ ਹੈ! ਬਾਕੀ ਅਸੀਂ ਤੇਰੇ ਘਰ ਦੀ ਰਾਖੀ ਕਰਾਂਗੇ, ਦੋ ਚਾਰ ਦਿਨ ਰੌਲਾ ਹੈ ਫਿਰ ਸਭ ਠੀਕ ਹੋ ਜਾਣਾ ਹੈ। ਤੁਹਾਡਾ ਘਰ ਬਾਰ ਜਿਵੇਂ ਛੱਡ ਕੇ ਜਾਉਗੇ ਉਂਝ ਹੀ ਰਹੂਗਾ, ਜ਼ੁਬਾਨ ਹੈ ਸਾਡੀ! ਸਾਡੇ ਪੁਰਖਿਆਂ ਦੀ ਸਾਂਝ ਹੈ, ਅਸਾਂ ਇੱਕ ਸਾਥ ਇੱਕ ਭੋਇੰ ਵਿਚ ਖੇਡ ਮੱਲ ਕੇ ਜਵਾਨ ਹੋਏ ਹਾਂ! ਕਾਹਤੋਂ ਚਿੰਤਾ ਕਰਦਾ ਏਂ! "ਪਰ ਕਾਲਜ ਵਿਚ ਪੜ੍ਹਦਾ ਛੋਟਾ ਮੁੰਡਾ ਬੋਲਿਆ, "ਚਾਚਾ ਲਗਦਾ ਨਹੀਂ ਮੁੜਿਆ ਜਾਵੇ, ਅੰਗ੍ਰੇਜ਼ ਸਾਡੇ ਵਿਚ ਲੀਕਾਂ ਖਿੱਚਣ ਵਿਚ ਕਾਮਯਾਬ ਹੋ ਗਏ ਨੇ!" "ਨਾ ਪੁੱਤ ਪਾੜ੍ਹਿਆ! ਐਵੇਂ ਨਹੀਂ ਦਿਲ ਛੋਟਾ ਕਰੀਦਾ ਤੁਹਾਡਾ ਘਰ ਬਾਰ ਮਾਲ ਡੰਗਰ ਇਵੇਂ ਹੀ ਰਹੂਗਾ ਬੱਸ ਕੁਝ ਸਿਰਫ਼ਿਰਿਆਂ ਤੋਂ ਡਰ ਲਗਦਾ! ਇਹਨਾਂ ਦੇ ਸਿਰ ਨੂੰ ਮਾਲੀਖੌਰਿਆ ਹੋ ਗਿਆ ਹੈ!" ਚੌਧਰੀ ਸਿਰਾਜ ਨੇ ਪੂਰੀ ਤਸੱਲੀ ਨਾਲ ਕਿਹਾ।


ਗੱਡਿਆਂ ਤੇ ਘਰ ਦਾ ਕੁੱਝ ਜਰੂਰੀ ਸਮਾਨ ਲੱਦਿਆ ਗਿਆ। ਸਰਦਾਰਨੀ ਨੇ ਤੁਰਨ ਲਗਿਆਂ ਬੋਰੀਆਂ ਵਿਚੋਂ ਕੁਝ ਕਣਕ ਆਪ ਹੀ ਗੱਟੂਆਂ ਵਿਚ ਪਾ ਲਈ! ਵੀਹ ਕੁ ਗੱਡੇ ਇੱਕ ਸਾਥ ਹੀ ਨਿਕਲ ਤੁਰੇ। ਔਰਤਾਂ ਤੇ ਬੱਚੇ ਸਮਾਨ ਦੇ ਨਾਲ ਗੱਡਿਆਂ ਤੇ ਬਿਠਾ ਦਿੱਤੇ! ਹੱਥ ਵਿਚ ਨੇਜੇ, ਬਰਛੇ ਤੇ ਸਰਦਾਰ ਕੋਲ ਆਪਣੇ ਹੱਥ ਵਿੱਚ ਬੰਦੂਕ ਸੀ!

ਪੰਜ ਕੁ ਕੋਹ ਅਜੇ ਪਹੁੰਚੇ ਸਨ ਕਿ ਸਰਦਾਰਨੀ ਨੇ ਰੌਲ਼ਾ ਪਾ ਦਿੱਤਾ – ਗੱਡਾ ਰੋਕੋ! ਗੱਡਾ ਰੋਕੋ! ਗੱਡਾ ਰੁਕਿਆ ਤਾਂ ਵਾਹੋ ਦਾਹੀ ਪਿਛਾਂਹ ਨੂੰ ਦੌੜ ਪਈ! ਇੱਕ ਰੰਗ ਆਵੇ, ਇੱਕ ਰੰਗ ਜਾਵੇ…!

"ਉਹ ਦੱਸ ਤਾਂ ਸਹੀ, ਕੀ ਹੋਇਆ?" ਭੱਜ ਕੇ ਜਵਾਲਾ ਸਿਹੁੰ ਨੇ ਬਾਂਹ ਫੜੀ।" ਸਰਦਾਰ ਜੀ! ਸਰਦਾਰ ਜੀ!! ਮੇਰਾ ਟੂਮਾਂ ਵਾਲਾ ਝੋਲਾ ਕਣਕ ਦੀਆਂ ਬੋਰੀਆਂ ਤੇ ਰਹਿ ਗਿਆ!" ਰੋਈ ਜਾਵੇ। ਫਿਰ ਸਰਦਾਰ ਬੋਲਿਆ, "ਜੇਰਾ ਕਰ ਲੈ! ਹੁਣ ਨਹੀਂ ਮੁੜਿਆ ਜਾਣਾ ਪਿਛਾਂਹ ਨੂੰ !" ਸਰਦਾਰ ਨੇ ਬਾਹੋਂ ਫੜ ਖਿੱਚਿਆ! "ਚੱਲ ਚਲੀਏ ਜੋ ਹੋਣਾ ਸੀ ਹੋ ਗਿਆ!"

"ਨਾ ਮੈਨੂੰ ਜਾ ਲੈਣ ਦਿਓ ! ਮੈ ... ਮੈਂ ਲੈ ਕੇ ਆ ਜਾਊਂਗੀ …!" ਸਿਰ ਤੇ ਪੱਗ ਨੂੰ ਮੱਥੇ ਤੋਂ ਥੋੜ੍ਹਾ ਹਿਲਾ ਮੁੜ੍ਹਕਾ ਪੂੰਝਦਾ ਹੋਇਆ ਸਰਦਾਰ ਬੋਲਿਆ, "ਚੱਲ ਝੱਲੀਏ! ਹੁਣ ਕਿਹੜਾ ਗਹਿਣਾ ਤੇ ਕਿਹੜਾ ਟੂਮ–ਛੱਲਾ!" "ਓਏ, ਮੈਨੂੰ ਜਾ ਲੈਣ ਦਿਓ… ਮੈਂ ਤੇ ਅਜੇ ਨਿੱਕੀ ਧੀ ਵਿਆਹੁਣੀ ਹ ੈ... ਅਜੇ ਨਿੱਕਾ ਵਿਆਹੁਣਾ ਹੈ! ਤੇ ਵਹੁਟੀਆਂ ਕੰਨਾਂ ਨੱਕਾਂ ਤੋਂ ਬੁੱਚੀਆਂ ਕਿਵੇਂ ਵੇਖਾਂਗੀ!"

ਪੂਰਾ ਸਿਰਹਾਣੇ ਦਾ ਸਿਰਹਾਣਾ ਭਰਿਆ ਭਰਾਇਆ, ਕਣਕ ਦੀਆਂ ਬੋਰੀਆਂ ਤੇ ਭੁੱਲ ਆਈ ਸਰਦਾਰਨੀ ਫਿਰ ਕਦੇ ਵੀ ਕੁਝ ਬੋਲ ਨਾ ਸਕੀ! ਤੇ ਵੰਡ ਦੇ ਦੋ ਮਹੀਨਿਆਂ ਬਾਅਦ ਤਾਪ ਨਾਲ ਤਪਦੀ ਮੰਜੇ ਨਾਲ ਮੰਜਾ ਹੋ ਕੇ ਸਵਾਸਾਂ ਦੀ ਗਿਣਤੀ ਪੂਰੀ ਕਰ ਗਈ!



# ਆਜ਼ਾਦੀ

## ਮਨਪ੍ਰੀਤ ਕੌਰ ਭਾਟੀਆ, ਫਿਰੋਜ਼ਪੁਰ (ਭਾਰਤ)



"ਨਾ ਮੱਖਣ ਸਿੰਘ ! ਮੈਨੂੰ ਤੇਰੀ ਇਹ ਗੱਲ ਬਿਲਕੁਲ ਵੀ ਮਨਜ਼ੂਰ ਨਹੀਂ। ਮੈਂ ਧੀਆਂ ਨੂੰ ਜ਼ਿਆਦਾ ਆਜ਼ਾਦੀ ਦੇਣ ਦੇ ਹੱਕ ਵਿੱਚ ਨਹੀਂ। ਤੈਨੂੰ ਯਾਦ ਈ ਹੋਣਾ ਤਜਿੰਦਰ ਤੇ ਭੱਲੇ ਨੇ ਵੀ ਆਪਣੀਆਂ ਧੀਆਂ ਨੂੰ ਸ਼ਹਿਰ ਪੜ੍ਹਨ ਲਈ ਭੇਜਿਆ ਸੀ ਪਰ ਉਨ੍ਹਾਂ ਦੀਆ ਕਰਤੂਤਾਂ ਨੇ ਪੂਰਾ ਪਿੰਡ ਹੀ ਬਦਨਾਮ ਕਰ ਛੱਡਿਆ ਸੀ।"

"ਪਰ ਗੁਰਮੇਲ ਸਿੰਘ, ਕੁਝ ਸੋਚ ਤੇਰੀ ਧੀ ਦੀਪ ਪੂਰੇ ਜ਼ਿਲ੍ਹੇ ਵਿਚੋਂ ਪਹਿਲੇ ਨੰਬਰ ਤੇ ਆਈ ਹੈ। ਮੇਰੀ ਧੀ ਪੰਮੀ ਤਾਂ ਦੂਜੇ ਨੰਬਰ ਤੇ ਹੈ।" "ਨਈਂ ਮੱਖਣ ਸਿੰਘ, ਬਸ ਮੈਂ ਜੋ ਕਹਿ ਦਿੱਤਾ ਕਹਿ ਦਿੱਤਾ। ਮੈਂ ਤਾਂ ਹੋਰ ਦੋ ਸਾਲਾਂ ਨੂੰ ਧੀ ਦੇ ਹੱਥ ਪੀਲੇ ਕਰ ਦੇਣੇ ਨੇ। ਤੂੰ ਵੀ ਧੀ ਨੂੰ ਆਜ਼ਾਦੀ ਦੇ ਕੇ ਮੂਰਖਤਾ ਨਾ ਕਰ।ਮੇਰੀ ਹੀ ਗੱਲ ਮੰਨ ਲੈ, ਚੰਗਾ ਰਹੇਂਗਾ।" ਗੁਰਮੇਲ ਸਿੰਘ ਨੂੰ ਆਪਣੀ ਜ਼ਿੱਦ ਤੇ ਅੜਿਆ ਦੇਖ ਮੱਖਣ ਸਿੰਘ ਚੁੱਪਚਾਪ ਉੱਥੋਂ ਉੱਠ ਕੇ ਆ ਗਿਆ।

ਉਸ ਨੇ ਪੰਮੀ ਨੂੰ ਸਾਈਕਲ ਲੈ ਦਿੱਤਾ। ਉਹ ਹਾਈ ਸਕੂਲ ਵਿੱਚ ਪੜ੍ਹਨ ਲੱਗ ਗਈ। ਸਕੂਲ ਦੀ ਪੜ੍ਹਾਈ ਪੂਰੀ ਕਰਕੇ ਪੰਮੀ ਕਾਲਜ ਦੀ ਪੜ੍ਹਾਈ ਕਰਨ ਲੱਗੀ। ਦੀਪ ਨੂੰ ਨਾ ਚਾਹੁੰਦਿਆਂ ਹੋਇਆਂ ਵੀ ਆਪਣੇ ਘਰਦਿਆਂ ਦੀ ਮਰਜ਼ੀ ਅਨੁਸਾਰ ਨਾਲ ਦੇ ਪਿੰਡ ਵਿਆਹ ਕਰਵਾਉਣਾ ਪਿਆ। ਵਕਤ ਗੁਜ਼ਰਦਾ ਗਿਆ। ਪੰਮੀ ਨੂੰ ਹੁਣ ਮੱਖਣ ਸਿੰਘ ਨੇ ਉੱਚ ਪੜ੍ਹਾਈ ਲਈ ਚੰਡੀਗੜ੍ਹ ਭੇਜ ਦਿੱਤਾ। ਜਦੋਂ ਗੁਰਮੇਲ ਸਿੰਘ ਨੂੰ ਪਤਾ ਲੱਗਾ ਤਾਂ ਉਹ ਮੱਖਣ ਸਿੰਘ ਨੂੰ ਕਹਿਣ ਲੱਗਾ "ਯਾਰ ਆ ਤੂੰ ਕੁੜੀ ਨੂੰ ਘਰ ਤੋਂ ਇੰਨੀ ਦੂਰ ਭੇਜ ਕੇ ਬਹੁਤ ਵੱਡੀ ਗਲਤੀ ਕੀਤੀ ਆ। ਦੇਖੀ ਉਸ ਨੂੰ ਦਿੱਤੀ ਇੰਨੀ ਆਜ਼ਾਦੀ ਤੈਨੂੰ ਇੱਕ ਦਿਨ ਬਹੁਤ ਮਹਿੰਗੀ ਪਵੇਗੀ ।"ਮੱਖਣ ਸਿੰਘ ਉਸ ਦੀ ਗੱਲ ਸੁਣ ਚੁੱਪ ਰਿਹਾ। ਵਕਤ ਗੁਜ਼ਰਦਿਆਂ ਦੇਰ ਨਾ ਲੱਗੀ।

ਗੁਰਮੇਲ ਸਿੰਘ ਅੱਜ ਬਿਸਤਰ ਤੇ ਬਹੁਤ ਹੀ ਉਦਾਸ ਲੰਮਾ ਪਿਆ ਹੋਇਆ ਸੀ। ਉਸ ਨੇ ਆਪਣੀ ਪਤਨੀ ਤੇ ਦੀਪ ਦੀਆਂ ਫੋਨ ਤੇ ਹੁੰਦੀਆਂ ਗੱਲਾਂ ਜੋ ਸੁਣ ਲਈਆਂ ਸਨ। ਉਸ ਦੀ ਦੀਪ ਫੋਨ ਤੇ ਰੋ-ਰੋ ਮਾਂ ਨਾਲ ਗੱਲਾਂ ਕਰ ਰਹੀ ਸੀ ਕਿ ਉਸ ਦੀ ਵੀ ਕੋਈ ਜ਼ਿੰਦਗੀ ਹੈ। ਗੋਹਾ ਕੂੜਾ ਕਰਦੀ ਉਹ ਡੰਗਰਾਂ ਨਾਲ ਡੰਗਰ ਹੋਈ ਪਈ ਹੈ। ਇੰਨੇ ਨੂੰ ਢੋਲ ਦੀ ਆਵਾਜ਼ ਸੁਣਦੇ ਹੀ ਗੁਰਮੇਲ ਇਕਦਮ ਉੱਠ ਕੇ ਬਾਹਰ ਆਇਆ ਤੇ ਦੇਖਿਆ ਕਿ ਮੱਖਣ ਦੇ ਬੂਹੇ ਅੱਗੇ ਬਹੁਤ ਹੀ ਭੀੜ ਲੱਗੀ ਹੋਈ ਹੈ।

ਉਹ ਦੇਖ ਕੇ ਹੈਰਾਨ ਰਹਿ ਗਿਆ। ਸਾਰਾ ਪਿੰਡ ਮੱਖਣ ਦੇ ਘਰ ਦੇ ਅੰਦਰ-ਬਾਹਰ ਇਕੱਠਾ ਹੋਇਆ ਪਿਆ ਸੀ । ਉਸ ਨੇ ਦੇਖਿਆ ਕਿ ਪੰਮੀ ਦੇ ਗਲੇ ਵਿਚ ਬਹੁਤ ਸਾਰੇ ਹਾਰ ਪਾਏ ਹੋਏ ਸਨ। ਬਹੁਤ ਸਾਰੇ ਕੈਮਰਿਆਂ ਵਾਲੇ ਪਿਉ-ਧੀ ਦੀਆ ਜਲਦੀ-ਜਲਦੀ ਫੋਟੋਆਂ ਖਿੱਚ ਰਹੇ ਸਨ। ਮੱਖਣ ਦੀ ਧੀ ਆਈ. ਏ. ਐੱਸ ਦੀ ਪ੍ਰੀਖਿਆ ਵਿਚੋਂ ਪੂਰੇ ਪੰਜਾਬ ਚੋਂ ਅੱਵਲ ਆਈ। ਅਖ਼ਬਾਰਾਂ ਵਾਲੇ ਉਸ ਦੀ ਇੰਟਰਵਿਊ ਲੈਣ ਲਈ ਇੱਕ-ਦੂਜੇ ਤੋਂ ਵਧ ਚੜ੍ਹ ਕੇ ਅੱਗੇ ਹੋ ਰਹੇ ਸਨ। ਇਹ ਸਭ ਦੇਖ ਗੁਰਮੇਲ ਦੀਆਂ ਅੱਖਾਂ ਵਿੱਚ ਖ਼ੁਸ਼ੀ ਦੇ ਹੰਝੂ ਆ ਗਏ। ਤੇ ਉਸ ਦੇ ਮਨ ਵਿੱਚ ਬਹੁਤ ਹੀ ਜ਼ਿਆਦਾ ਜੱਦੋ ਜਹਿਦ ਚੱਲਣ ਲੱਗੀ। ਉਸ ਨੇ ਮੱਖਣ ਸਿੰਘ ਨੂੰ ਘੁੱਟ ਕੇ ਗਲਵੱਕੜੀ ਵਿੱਚ ਲੈ ਲਿਆ ਤੇ ਮੁਬਾਰਕਾਂ ਦਿੰਦਿਆਂ ਬੋਲਿਆ,

" ਵਾਹ! ਵਾਹ !! ਮੱਖਣ ਸਿੰਘ, ਮਨ ਖ਼ੁਸ਼ ਹੋ ਗਿਆ। ਤੇਰੀ ਧੀ ਨੇ ਤਾਂ ਆਪਣੇ ਨਿੱਕੇ ਜਿਹੇ ਪਿੰਡ ਦਾ ਨਾਂ ਪੂਰੇ ਪੰਜਾਬ ਵਿੱਚ ਰੌਸ਼ਨ ਕਰ ਦਿੱਤਾ। ਜੇ ਉਸ ਦਿਨ ਮੈਂ ਵੀ ਤੇਰੀ ਗੱਲ ਮੰਨ ਲੈਂਦਾ ਤਾਂ ਅੱਜ ਮੇਰੀ ਧੀ ਵੀ ਇਹੋ ਮੁਕਾਮ ਤੇ ਹੁੰਦੀ।" ਪਰ ਗੁਰਮੇਲ ਦੇ ਮੂੰਹੋਂ ਨਿਕਲੀਆਂ ਆਖ਼ਰੀ ਸਤਰਾਂ ਤਾੜੀਆਂ ਦੀ ਗੜਗੜਾਹਟ ਵਿਚ ਹੀ ਕਿਤੇ ਦਬ ਕੇ ਰਹਿ ਗਈਆਂ। ਗੁਰਮੇਲ ਸਿੰਘ ਦੀਆਂ ਅੱਖਾਂ ਵਿੱਚੋਂ ਵਗਦੇ ਖ਼ੁਸ਼ੀ ਦੇ ਹੰਝੂ ਹੁਣ ਪਛਤਾਵੇ ਦੇ ਹੰਝੂਆਂ ਵਿੱਚ ਤਬਦੀਲ ਹੋ ਚੁੱਕੇ ਸਨ।

## ਈ-ਦੀਵਾਨ ਸੁਸਾਇਟੀ (ਕੈਲਗਰੀ) ਕੀਰਤਨ

(ਸੰਸਥਾਪਕ ਡਾ. ਰਾਜਾ ਬਲਰਾਜ ਸਿੰਘ)

ਸੰਗਤ ਦੇ ਉਤਸ਼ਾਹ ਅਤੇ ਸਹਿਯੋਗ ਨਾਲ ਲਗਭਗ ਦੋ ਸਾਲਾਂ ਤੋਂ ਇਹ "ਔਨ-ਲਾਈਨ" ਪ੍ਰੋਗਰਾਮ ਨਿਰੰਤਰ ਚਲ ਰਿਹਾ ਹੈ। ਇਸ ਵਿਚ ਸੰਗਤ ਵਲੋਂ ਮਿਲ ਕੇ ਨਿੱਤਨੇਮ ਦੇ ਪਾਠ ਹੁੰਦੇ ਹਨ। ਹਰ ਰੋਜ਼ ਬੱਚੇ ਗੁਰਬਾਣੀ ਦਾ ਕੀਰਤਨ ਕਰਦੇ ਹਨ। ਉਪਰੰਤ ਅਰਦਾਸ ਕਰ ਕੇ ਗੁਰੂ ਸਾਹਿਬ ਦਾ ਹੁਕਮਨਾਮਾ ਸੁਣਾਇਆ ਜਾਂਦਾ ਹੈ। ਬਾਅਦ ਵਿਚ ਗਰਸ਼ਬਦ ਦੀ ਵਿਆਖਿਆ ਹੁੰਦੀ ਹੈ। ਹਫਤੇ ਵਿਚ ਇੱਕ ਵਾਰ ਗੁਰਮਤ ਦੇ ਕਿਸੇ ਵਿਸ਼ੇ ਤੇ ਵਿਦਵਾਨਾਂ ਦੇ ਲੈਕਚਰ ਕਰਵਾਏ ਜਾਂਦੇ ਹਨ।

**ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ, ਸਰਦਾਰ ਜਗਬੀਰ ਸਿਘ ਕੋਹਲੀ ਅਤੇ ਸਰਦਾਰ ਪਰਮਜੀਤ ਸਿੰਘ ਹੋਰਾਂ** ਦੇ ਉਦੱਮ ਨਾਲ ਗੁਰਪੁਰਬਾਂ ਸਮੇ ਅੰਤਰ-ਰਾਸ਼ਟ੍ਰੀ ਕਵੀ ਦਰਬਾਰ ਕਰਾਏ ਜਾਂਦੇ ਹਨ ਤਾਕਿ ਸੰਗਤ, ਖਾਸ ਤੌਰ ਤੇ ਨੌਜਵਾਨ ਪੀੜ੍ਹੀ, ਸਾਡੇ ਮਾਣਮੱਤੇ ਇਤਿਹਾਸ ਅਤੇ ਵਿਰਾਸਤ ਨਾਲ ਜੁੜੀ ਰਹਿ ਸਕੇ। ਬੱਚਿਆਂ ਨੂੰ ਖਾਸ ਤੌਰ ਤੇ ਇਨ੍ਹਾਂ ਸਾਰੇ ਪ੍ਰੋਗਰਾਮਾਂ ਵਿਚ ਸ਼ਾਮਲ ਹੋਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।



**ਸਬੀਨਾ ਕੌਰ ਅਤੇ ਪੰਜਾਬੀ ਸਕੂਲ ਵਿਦਿਆਰਥੀ ਸ਼ਬਦ ਗਾਇਨ ਕਰਦੇ ਹੋਏ**


ਈ ਦੀਵਾਨ ਸੁਸਾਇਟੀ(ਕੈਲਗਰੀ)
ਵਲੋਂ
ਪੰਜਵੇਂ ਪਾਤਸ਼ਾਹ ਦੀ ਸ਼ਹਾਦਤ ਅਤੇ ਤੀਜੇ ਘੱਲੂਘਾਰੇ ਨੂੰ ਸਮਰਪਿਤ
ਇੰਟਰਨੈਸ਼ਨਲ ਕਵੀ ਦਰਬਾਰ (ਭਾਗ 1)
ਡਾ. ਬਲਰਾਜ ਸਿੰਘ
ਸੰਸਥਾਪਕ ਤੇ ਸੰਚਾਲਕ
ਗੁਰਦੀਸ਼ ਕੌਰ ਕੈਲਗਰੀ
ਹੋਸਟ
ਸ. ਜਗਬੀਰ ਸਿੰਘ
ਸੰਸਥਾਪਕ ਤੇ ਸੰਚਾਲਕ
ਮਿਤੀ 4 ਜੂਨ
ਸ਼ਨੀਵਾਰ
ਸਮਾਂ:
9 AM ਕੈਲਗਰੀ
8:30 PM ਇੰਡੀਆ
11 AM ਟੋਰੰਟੋ
8 AM ਬੀ ਸੀ
ਪਹੁੰਚ ਰਹੇ ਕਵੀ ਸਹਿਬਾਨ
ਇੰਜ.ਕਰਮਜੀਤ ਸਿੰਘ
ਨੂਰ(ਜਲੰਧਰ)
ਮਨਜੀਤ ਕੌਰ
ਅੰਬਾਲਵੀ
ਗੁਰਦਿਆਲ ਸਿੰਘ
ਨਿਮਰ(ਯਮਨਾਨਗਰ)
ਸਰਬਜੀਤ ਕੌਰ
ਸਰਬ(ਉਤਰਾਖੰਡ)
ਬਲਕਾਰ ਸਿੰਘ
ਭਾਈ ਰੂਪਾ
ਸੁੰਦਰਪਾਲ ਕੌਰ
ਰਾਜਾਸਾਂਸੀ(ਟੋਰੰਟੋ)
ਪਰਮਜੀਤ ਸਿੰਘ
ਟੋਰੰਟੋ
ਪਲਵਿੰਦਰ ਸਿੰਘ
ਰੰਧਾਵਾ(ਸਰੀ ਬੀ)
ਮਾਧਿਅਮ
zoom
ZOOM ID
98294816545
ਉਡੀਕਵਾਨ:
ਈ ਦੀਵਾਨ ਸੋਸਾਇਟੀ ਕੈਲਗਰੀ
ਦੀ ਸਮੂਹ ਸੰਗਤ ਤੇ ਅਹੁਦੇਦਾਰ


ਈ ਦੀਵਾਨ ਸੁਸਾਇਟੀ(ਕੈਲਗਰੀ)
ਵਲੋਂ
ਪੰਜਵੇਂ ਪਾਤਸ਼ਾਹ ਦੀ ਸ਼ਹਾਦਤ ਅਤੇ ਮੀਰੀ ਪੀਰੀ ਦਿਵਸ ਨੂੰ ਸਮਰਪਿਤ
ਅੰਤਰਰਾਸ਼ਟਰੀ ਕਵੀ ਦਰਬਾਰ (ਭਾਗ 2)
ਡਾ.ਬਲਰਾਜ ਸਿੰਘ
ਸੰਸਥਾਪਕ ਤੇ ਸੰਚਾਲਕ
ਗੁਰਦੀਸ਼ ਕੌਰ ਕੈਲਗਰੀ
ਹੋਸਟ
ਸ.ਜਗਬੀਰ ਸਿੰਘ
ਸੰਸਥਾਪਕ ਤੇ ਸੰਚਾਲਕ
ਮਿਤੀ 11 ਜੂਨ
ਸ਼ਨੀਵਾਰ
ਸਮਾਂ:
9 AM ਕੈਲਗਰੀ
8:30 PM ਇੰਡੀਆ
11 AM ਟੋਰੰਟੋ
12 PM ਕੋਰੀਆ
ਪਹੁੰਚ ਰਹੇ ਕਵੀ ਸਹਿਬਾਨ
ਸੁਜਾਨ ਸਿੰਘ ਸੁਜਾਨ
ਟੋਰੰਟੋ
ਜੋਗਿੰਦਰ ਸਿੰਘ ਕੰਗ
ਲੁਧਿਆਣਾ
ਅਮਨਬੀਰ ਸਿੰਘ ਧਾਮੀ
ਸਾਊਥ ਕੋਰੀਆ
ਕੁਲਵੰਤ ਸਿੰਘ ਰਫ਼ੀਕ
ਸ਼ਾਹਬਾਦ ਮਾਰਕੰਡਾ
ਗੁਰਚਰਨ ਸਿੰਘ ਹੇਹਰ
ਕੈਲਗਰੀ
ਗੁਰਸ਼ਰਨ ਸਿੰਘ ਪਰਵਾਨਾ
ਸ਼ਾਹਬਾਦ ਮਾਰਕੰਡਾ
ਜਸਵਿੰਦਰ ਕੌਰ ਜੱਸੀ
ਲੁਧਿਆਣਾ
ਕੁਲਵਿੰਦਰ ਕੌਰ
ਨੰਗਲ
ਪਰਨੀਤ ਕੌਰ
ਸਿਮਰਲੀਨ ਕੌਰ
ਟੋਰੰਟੋ
ਗੁਰਵਿੰਦਰ ਸਿੰਘ ਸ਼ੇਰਗਿੱਲ
ਲੁਧਿਆਣਾ
ZOOM ID 98294816545
ਉਡੀਕਵਾਨ: ਈ ਦੀਵਾਨ ਸੋਸਾਇਟੀ ਕੈਲਗਰੀ ਦੀ ਸਮੂਹ ਸੰਗਤ ਤੇ ਅਹੁਦੇਦਾਰ

### ਈ ਦੀਵਾਨ ਸੁਸਾਇਟੀ ਵਲੋਂ ਜੂਨ ਮਹੀਨੇ ਦੋ ਕੌਮਾਂਤਰੀ ਕਵੀ ਦਰਬਾਰ ਕਰਾਏ ਗਏ

ਗੁਰਦੀਸ਼ ਕੌਰ ਗਰੇਵਾਲ- ਕੈਲਗਰੀ (ਸੰਪਰਕ: 403 404 1450)

ਕੈਲਗਰੀ: ਈ- ਦੀਵਾਨ ਸੋਸਾਇਟੀ ਕੈਲਗਰੀ ਵਲੋਂ, 4 ਜੂਨ ਤੇ 11 ਜੂਨ ਨੂੰ, ਆਪਣੇ ਹਫਤਾਵਾਰ ਸਮਾਗਮਾਂ ਵਿੱਚ, ਸਾਹਿਬ ਸ੍ਰੀ ਗੁਰੂ ਅਰਜਨ ਦੇਵ ਦੀ ਮਹਾਨ ਸ਼ਹਾਦਤ, ਤੀਜੇ ਘੱਲੂਘਾਰੇ ਅਤੇ ਮੀਰੀ ਪੀਰੀ ਦਿਵਸ ਨੂੰ ਸਮਰਪਿਤ, ਔਨਲਾਈਨ ਕੌਮਾਂਤਰੀ ਕਵੀ ਦਰਬਾਰ ਕਰਾਏ ਗਏ- ਜਿਸ ਵਿੱਚ ਦੇਸ਼ ਵਿਦੇਸ਼ ਤੋਂ ਮਹਾਨ ਪੰਥਕ ਕਵੀ/ ਕਵਿੱਤਰੀਆਂ ਨੇ ਸ਼ਿਰਕਤ ਕੀਤੀ। ਇਹ ਸੰਸਥਾ ਖਾਸ ਦਿਹਾੜਿਆਂ ਤੇ ਕਵੀ ਦਰਬਾਰ ਕਰਾ ਕੇ, ਦਸ਼ਮੇਸ਼ ਪਿਤਾ ਦੀ ਚਲਾਈ ਹੋਈ ਇਸ ਪਰੰਪਰਾ ਨੂੰ ਅੱਗੇ ਤੋਰਨ ਵਿੱਚ ਵਿਸ਼ੇਸ਼ ਯੋਗਦਾਨ ਪਾ ਰਹੀ ਹੈ।

#### ਕਵੀ ਦਰਬਾਰ ਦਾ ਪਹਿਲਾ ਭਾਗ – 04 ਜੂਨ, 2022

ਸਮਾਗਮ ਦੇ ਸ਼ੁਰੂ ਵਿੱਚ, ਸੰਸਥਾ ਦੇ ਸੰਸਥਾਪਕ ਤੇ ਸੰਚਾਲਕ- ਡਾ. ਰਾਜਾ ਬਲਰਾਜ ਸਿੰਘ ਨੇ, ਨਵੀਂ ਸੰਗਤ ਨੂੰ ਸਭਾ ਦੀ ਕਾਰਗੁਜ਼ਾਰੀ ਬਾਰੇ ਜਾਣਕਾਰੀ ਦਿੱਤੀ ਅਤੇ ਕਵੀ ਸਾਹਿਬਾਨ ਨੂੰ 'ਜੀ ਆਇਆਂ' ਕਿਹਾ। ਟੋਰੰਟੋ ਤੋਂ ਬੱਚਿਆਂ ਨੇ ਸ਼ਬਦ ਨਾਲ ਸਮਾਗਮ ਦੀ ਸ਼ੁਰੂਆਤ ਕੀਤੀ। ਜੈਪੁਰ ਤੋਂ ਪਹੁੰਚੇ ਬ੍ਰਿਜਮਿੰਦਰ ਕੌਰ ਨੇ ਵੀ ਸ਼ਬਦ ਨਾਲ ਹਾਜ਼ਰੀ ਲਵਾਈ। ਉਸ ਤੋਂ ਬਾਅਦ ਕਵੀ ਦਰਬਾਰ ਦੇ ਸੰਚਾਲਨ ਦੀ ਜ਼ਿੰਮੇਵਾਰੀ ਗੁਰਦੀਸ਼ ਕੌਰ ਗਰੇਵਾਲ ਨੂੰ ਸੌਂਪੀ ਗਈ। ਉਸ ਨੇ ਦੇਸ਼ ਵਿਦੇਸ਼ ਤੋਂ ਪਹੁੰਚੇ ਕਵੀ ਸਾਹਿਬਾਨ ਦੀ ਜਾਣ ਪਛਾਣ ਕਰਾਉਂਦੇ ਹੋਏ, ਵਾਰੀ ਵਾਰੀ ਸਭ ਨੂੰ ਸੱਦਾ ਦਿੱਤਾ।

ਮਨਜੀਤ ਕੌਰ ਅੰਬਾਲਵੀ ਨੇ, ਪੰਜਵੇਂ ਪਾਤਸ਼ਾਹ ਦੀ ਸ਼ਹਾਦਤ ਨੂੰ ਸਮਰਪਿਤ ਗੀਤ ਤਰੰਨਮ ਵਿੱਚ ਸੁਣਾ ਕੇ, ਕਵੀ ਦਰਬਾਰ ਦੀ ਸ਼ੁਰੂਆਤ ਕੀਤੀ। ਉਤਰਾਖੰਡ ਤੋਂ ਆਏ ਸਰਬਜੀਤ ਕੌਰ ਸਰਬ ਨੇ- 'ਤੱਤੀ ਤਵੀ ਤੇ ਭਾਨੀ ਦਾ ਭਾਨ ਬੈਠਾ' ਕਵਿਤਾ ਬੁਲੰਦ ਆਵਾਜ਼ ਵਿੱਚ ਸੁਣਾਈ। ਯਮੁਨਾਨਗਰ ਤੋਂ ਪਹੁੰਚੇ ਉਸਤਾਦ ਪੰਥਕ ਸ਼ਾਇਰ- ਗੁਰਦਿਆਲ ਸਿੰਘ ਨਿਮਰ ਨੇ ਜੂਨ, ਚੁਰਾਸੀ ਦੇ ਦੁਖਾਂਤ ਤੇ ਦੋ ਬੰਦ ਬੋਲ ਕੇ, ਪੰਜਵੇਂ ਪਤਾਸ਼ਾਹ ਦੀ ਸ਼ਹਾਦਤ ਤੇ ਭਾਵਪੂਰਤ ਕਵਿਤਾ ਨਾਲ ਹਾਜ਼ਰੀ ਲਵਾਈ। ਬਠਿੰਡਾ ਤੋਂ ਪਹੁੰਚੇ ਨੌਜਵਾਨ ਕਵੀ- ਬਲਕਾਰ ਸਿੰਘ ਭਾਈ ਰੂਪਾ ਨੇ ਤੀਜੇ ਘੱਲੂਘਾਰੇ ਤੇ ਗੀਤ- 'ਸਾਡੇ ਡੁਲ੍ਹੇ ਹੋਏ ਖ਼ੂਨ ਦਾ ਹਿਸਾਬ ਦੇ ਦਿਓ' ਸੁਣਾ ਕੇ ਸਭ ਨੂੰ ਭਾਵੁਕ ਕਰ ਦਿੱਤਾ। ਉਸਤਾਦ ਪੰਥਕ ਕਵੀ, ਇੰਜ. ਕਰਮਜੀਤ ਸਿੰਘ ਨੂਰ (ਜਲੰਧਰ) ਨੇ ਵੀ ਸ਼ਹੀਦੀ ਦਿਹਾੜੇ ਤੇ ਇੱਕ ਬੰਦ ਬੋਲ ਕੇ, ਆਪਣੀ ਬੇਹਤਰੀਨ ਰਚਨਾ ਰਾਹੀਂ ਘੱਲੂਘਾਰੇ ਦੀ ਯਾਦ ਤਾਜ਼ਾ ਕਰ ਦਿੱਤੀ। ਟੋਰੰਟੋ ਤੋਂ ਪਹੁੰਚੇ, ਸੁੰਦਰਪਾਲ ਕੌਰ ਰਾਜਾਸਾਂਸੀ ਨੇ ਵੀ ਘੱਲੂਘਾਰੇ ਅਤੇ ਸ਼ਹੀਦਾਂ ਦੇ ਸਿਰਤਾਜ ਨੂੰ ਯਾਦ ਕੀਤਾ। ਟੋਰੰਟੋ ਤੋਂ ਹੀ ਆਏ, ਪਰਮਜੀਤ ਸਿੰਘ ਨੇ ਗੁਰਦੀਸ਼ ਕੌਰ ਗਰੇਵਾਲ ਦਾ ਲਿਖਿਆ ਗੀਤ 'ਅਰਸ਼ੀ ਨੂਰ' ਹਾਰਮੋਨੀਅਮ ਤੇ ਸੁਣਾ ਕੇ ਮਹੌਲ ਸੰਗੀਤਮਈ ਕਰ ਦਿੱਤਾ। ਸਰੀ ਬੀ. ਸੀ. ਤੋਂ ਆਏ, ਪਲਵਿੰਦਰ ਸਿੰਘ ਰੰਧਾਵਾ ਨੇ ਆਪਣੇ ਗੀਤ ਨੂੰ ਬੁਲੰਦ ਆਵਾਜ਼ ਰਾਹੀਂ ਪੇਸ਼ ਕਰਕੇ ਵਾਹਵਾ ਖੱਟੀ। ਅੰਤ ਤੇ ਹੋਸਟ ਜਗਬੀਰ ਸਿੰਘ ਜੀ ਦੀ ਬੇਨਤੀ ਤੇ, ਇਸ ਕਲਮ ਨੇ ਵੀ, ਇੱਕ ਬੰਦ ਸ਼ਹਾਦਤ ਤੇ ਬੋਲ ਕੇ, ਤੀਜੇ ਘੱਲੂਘਾਰੇ ਦੇ ਪਰਿਵਾਰਾਂ ਦੀ ਸੰਭਾਲ ਬਾਰੇ ਲਿਖਿਆ ਆਪਣਾ ਗੀਤ ਤਰੰਨਮ ਵਿੱਚ ਸੰਗਤ ਨਾਲ ਸਾਂਝਾ ਕੀਤਾ। ਜੈਕਾਰਿਆਂ ਦੀ ਗੂੰਜ ਵਿੱਚ ਇਸ ਕਵੀ ਦਰਬਾਰ ਦੀ ਸਮਾਪਤੀ ਹੋਈ।


#### ਕਵੀ ਦਰਬਾਰ ਦਾ ਦੂਜਾ ਭਾਗ – 11 ਜੂਨ, 2022

ਇਸ ਕਵੀ ਦਰਬਾਰ ਦਾ ਦੂਜਾ ਭਾਗ- 11 ਜੂਨ ਨੂੰ ਕਰਵਾਇਆ ਗਿਆ, ਜੋ ਪੰਜਵੇਂ ਤੇ ਛੇਵੇਂ ਪਾਤਸ਼ਾਹ ਨੂੰ ਸਮਰਪਿਤ ਰਿਹਾ। ਇਸ ਵਿੱਚ- ਜੈਪੁਰ ਤੋਂ ਬ੍ਰਿਜਮਿੰਦਰ ਕੌਰ ਨੇ ਕਵਿਤਾ, ਟੋਰੰਟੋ ਤੋਂ ਪਰਨੀਤ ਕੌਰ ਤੇ ਸਿਮਰਲੀਨ ਕੌਰ ਨੇ, ਗੁਰਦੀਸ਼ ਕੌਰ ਗਰੇਵਾਲ ਦਾ ਲਿਖਿਆ ਗੀਤ 'ਬੀਬੀ ਸੁਲੱਖਣੀ ਦੀ ਅਰਜ਼ੋਈ' ਸੰਗੀਤਬੱਧ ਕਰਕੇ, ਕੁਲਵਿੰਦਰ ਕੌਰ ਨੰਗਲ ਅਤੇ ਜਸਵਿੰਦਰ ਕੌਰ ਜੱਸੀ (ਲੁਧਿਆਣਾ) ਨੇ ਪੰਜਵੇਂ ਪਾਤਸ਼ਾਹ ਤੇ ਗੀਤ ਤੇ ਕਵਿਤਾ ਜਦਕਿ ਸਾਊਥ ਕੋਰੀਆ ਤੋਂ ਪਹੁੰਚੇ ਨੌਜਵਾਨ ਸ਼ਾਇਰ ਅਮਨਬੀਰ ਸਿੰਘ ਨੇ ਵੀ ਆਪਣਾ ਗੀਤ ਤਰੰਨਮ ਵਿੱਚ ਸੁਣਾ ਕੇ ਦਾਦ ਖੱਟੀ।

ਉਸਦਾਦ ਪੰਥਕ ਕਵੀ, ਜੋਗਿੰਦਰ ਸਿੰਘ ਕੰਗ (ਲੁਧਿਆਣਾ) ਨੇ ਭਾਵਪੂਰਤ ਕਵਿਤਾ, ਗਾਇਕ ਗੁਰਵਿੰਦਰ ਸਿੰਘ ਸ਼ੇਰਗਿੱਲ (ਲੁਧਿਆਣਾ) ਨੇ ਸਵ. **ਨਿਰਅੰਜਨ** ਅਵਤਾਰ ਦਾ ਦਾ ਗੀਤ, ਸ਼ਾਹਬਾਦ ਮਾਰਕੰਡਾ ਤੋਂ ਆਏ- ਗੁਰਸ਼ਰਨ ਸਿੰਘ ਪਰਵਾਨਾ ਨੇ ਬੁਲੰਦ ਆਵਾਜ਼ ਵਿੱਚ ਪੰਚਮ ਪਾਤਸ਼ਾਹ ਤੇ ਗੀਤ ਅਤੇ ਕੁਲਵੰਤ ਸਿੰਘ ਰਫੀਕ ਨੇ ਬੇਹਤਰੀਨ ਕਵਿਤਾ ਰਾਹੀਂ ਹਾਜ਼ਰੀ ਭਰੀ। ਟੋਰੰਟੋ ਤੋਂ ਸੁਜਾਨ ਸਿੰਘ ਸੁਜਾਨ ਅਤੇ ਕੈਲਗਰੀ ਤੋਂ ਗੁਰਚਰਨ ਸਿੰਘ ਹੇਹਰ ਨੇ ਛੇਵੇਂ ਪਾਤਸ਼ਾਹ ਤੇ ਗੀਤ ਆਪਣੀ ਬੁਲੰਦ ਆਵਾਜ਼ ਵਿੱਚ ਸੁਣਾ ਕੇ, ਮਹੌਲ ਸੁਰਮਈ ਕਰ ਦਿੱਤਾ। ਸੰਗਤ ਵਿਚੋਂ ਬੀਬੀ ਜਸਵੀਰ ਕੌਰ ਗਿੱਲ ਨੇ ਵੀ ਇੱਕ ਕਵਿਤਾ ਨਾਲ ਸਾਂਝ ਪਾਈ। ਮੰਚ ਸੰਚਾਲਨ ਦੀ ਸੇਵਾ ਗੁਰਦੀਸ਼ ਕੌਰ ਤੇ ਜਗਬੀਰ ਸਿੰਘ ਨੇ ਬਾਖੂਬੀ ਨਿਭਾਈ। ਸੰਗਤ ਨੇ ਜੈਕਾਰਿਆਂ ਰਾਹੀਂ ਇਸ ਕਵੀ ਦਰਬਾਰ ਨੂੰ ਵੀ ਭਰਪੂਰ ਹੁੰਗਾਰਾ ਦਿੱਤਾ। ਡਾ. ਰਾਜਾ ਬਲਰਾਜ ਸਿੰਘ ਅਤੇ ਡਾ. ਸੁਰਜੀਤ ਸਿੰਘ ਭੱਟੀ ਨੇ ਦੂਰੋਂ ਨੇੜਿਉਂ ਪਹੁੰਚੇ ਸਮੂਹ ਕਵੀ ਸਾਹਿਬਾਨ ਦਾ ਧੰਨਵਾਦ ਕੀਤਾ ਅਤੇ ਇਸ ਸੰਸਥਾ ਵਲੋਂ ਸ਼ੁਰੂ ਕੀਤੇ ਔਨਲਾਈਨ ਮਹੀਨਾਵਾਰ ਮੈਗਜ਼ੀਨ '**ਸਾਂਝੀ ਵਿਰਾਸਤ**' ਦੀ ਜਾਣਕਾਰੀ ਦਿੰਦਿਆਂ ਹੋਇਆਂ, ਸਾਰੇ ਕਵੀਆਂ ਨੂੰ ਆਪਣੀਆਂ ਰਚਨਾਵਾਂ ਲਿਖਤੀ ਰੂਪ ਵਿੱਚ, ਇਸ ਮੈਗਜ਼ੀਨ ਲਈ ਭੇਜਣ ਦੀ ਬੇਨਤੀ ਕੀਤੀ।

ਦੋ ਘੰਟੇ ਚੱਲੇ ਇਸ ਕਵੀ ਦਰਬਾਰ ਦੀ ਸਮਾਪਤੀ ਤੇ, ਕੈਲਗਰੀ ਤੋਂ ਬੱਚੇ - ਯੁਵਰਾਜ ਸਿੰਘ ਤੇ ਸਬੀਨਾ ਕੌਰ ਨੇ ਆਨੰਦ ਸਾਹਿਬ ਸਰਵਣ ਕਰਾਇਆ। ਉਪਰੰਤ ਅਰਦਾਸ ਕਰਕੇ ਹੁਕਮਨਾਮਾ ਲਿਆ ਗਿਆ। ਇਸ ਤਰ੍ਹਾਂ ਇਹ ਸਮਾਗਮ ਸਰੋਤਿਆਂ ਦੇ ਮਨਾਂ ਤੇ ਅਮਿੱਟ ਛਾਪ ਛੱਡ ਗਿਆ।

ਵਧੇਰੇ ਜਾਣਕਾਰੀ ਲਈ- ਡਾ. ਬਲਰਾਜ ਸਿੰਘ 403 978 2419 ਨਾਲ ਜਾਂ ਜਗਬੀਰ ਸਿੰਘ ਨਾਲ 587 718 8100 ਤੇ ਸੰਪਰਕ ਕੀਤਾ ਜਾ ਸਕਦਾ ਹੈ।



# ਜੁਲਾਈ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ

**ਡਾ: ਹਰਸ਼ਿੰਦਰ ਕੌਰ**, ("ਭਾਰਤ ਦੀ ਸਟੀਲ ਵੂਮੈਨ") ਪਟਿਆਲਾ ਤੋਂ ਐੱਮ.ਬੀ.ਬੀ.ਐੱਸ. ਅਤੇ ਐੱਮ.ਡੀ. ਹਨ।ਲੈਕਚਰ ਦੇ ਕੇ ਭਰੂਣ ਹੱਤਿਆ, ਦਾਜ ਅਤੇ ਘਰੇਲੂ ਹਿੰਸਾ ਵਿਰੁੱਧ ਸੰਸਥਾਵਾਂ, ਕਾਲਜਾਂ, ਰੇਡੀਓ ਅਤੇ ਟੀ.ਵੀ. 'ਤੇ ਜਾਗਰੂਪਤਾ ਲਿਆ ਰਹੇ ਹਨ।ਅਨਾਥ 415 ਲੜਕੀਆਂ ਨੂੰ ਮੁਫਤ ਸਿੱਖਿਆ ਪ੍ਰਦਾਨ ਕਰ ਰਹੇ ਨੇ, ਅਤੇ 41 ਅੰਤਰਰਾਸ਼ਟਰੀ ਪੱਧਰ 'ਤੇ ਸਨਮਾਨਿਤ ਕਿਤਾਬਾਂ ਅਤੇ ਲੇਖ ਲਿਖੇ ਹਨ।ਭਾਰਤ ਦੀਆਂ ਚੋਟੀ ਦੀਆਂ ਮਹਿਲਾਵਾਂ ਵਜੋਂ ਰਾਸ਼ਟਰਪਤੀ ਦੁਆਰਾ ਸਨਮਾਨਿਤ ਕੀਤਾ ਗਿਆ, ਪੰਜਾਬ ਤੋਂ ਪੁਰਸਕਾਰ ਪ੍ਰਾਪਤ ਕੀਤੇ, ਚੋਟੀ ਦੇ ਸਿੱਖ ਰੋਲ ਮਾਡਲਾਂ ਵਿੱਚ ਦਰਜਾ ਪ੍ਰਾਪਤ ਕੀਤਾ, ਸੰਯੁਕਤ ਰਾਸ਼ਟਰ ਮੀਡੀਆ ਅਤੇ 'ਵੂਮੈਨ ਰਾਈਟਸ ਐਕਟੀਵਿਸਟ' ਅਵਾਰਡ, ਰੋਟਰੀ ਵੋਕੇਸ਼ਨਲ ਅਵਾਰਡ, ਕੈਨੇਡਾ, ਕੈਲੀਫੋਰਨੀਆ ਦੀਆਂ ਸੰਸਦਾਂ ਵਿੱਚ 'ਲਾਈਫਟਾਈਮ ਅਚੀਵਮੈਂਟ ਅਵਾਰਡ' ਪ੍ਰਾਪਤ ਕੀਤੇ। ਭਾਰਤ, ਨੀਦਰਲੈਂਡ, ਯੂ. ਕੇ. ਅਤੇ ਕੈਨੇਡਾ ਦੇ ਟੀ. ਵੀ. ਨੈੱਟਵਰਕਾਂ ਦੁਆਰਾ ਉਨ੍ਹਾਂ ਦੇ ਕੰਮ 'ਤੇ ਅਧਾਰਿਤ ਫਿਲਮਾਂ ਬਣਾਈਆਂ ਗਈਆਂ ਹਨ।

**ਸ੍ਰ: ਕਰਮਜੀਤ ਸਿੰਘ ਨੂਰ** ਪੰਜਾਬ ਰਾਜ ਬਿਜਲੀ ਬੋਰਡ ਤੋਂ 2008 ਵਿਚ ਬਤੌਰ ਐਕਸੀਅਨ (XEN) ਰਿਟਾਇਰ ਹੋਏ ਹਨ। ਅੱਠ ਕਾਵਿ ਸੰਗ੍ਰਹਿ ਛਪੇ ਹਨ।'ਗੁਰਮਤਿ ਪ੍ਰਕਾਸ਼', 'ਗੁਰਮਤਿ ਗਿਆਨ', 'ਸਿੱਖ ਫੁਲਵਾੜੀ', ਗੁਰੁ ਗੋਬਿੰਦ ਸਿੰਘ ਸਟੱਡੀ ਸਰਕਲ (ਜਿਸ ਦੇ ਸਾਹਿਤਕਾਰ ਸਦਨ ਦੇ ਮੀਤ ਪ੍ਰਧਾਨ, ਸਕੱਤਰ ਸਨ) ਦੇ 'ਸਾਡਾ ਵਿਰਸਾ ਸਾਡਾ ਗੌਰਵ' ਅਤੇ ਹੋਰ ਮੈਗਜ਼ੀਨਾਂ ਵਿਚ ਰਚਨਾਵਾਂ ਛਪਦੀਆਂ ਹਨ। ਇੰਗਲੈਂਡ, ਅਮਰੀਕਾ ਅਤੇ ਪਾਕਿਸਤਾਨ ਵਿਖੇ ਕਵੀ ਦਰਬਾਰਾਂ ਅਤੇ ਹੋਲੇ ਮਹੱਲੇ ਸਮਾਗਮਾਂ (2016 ਅਤੇ 2017) ਵਿਚ ਸਨਮਾਨ ਪ੍ਰਾਪਤ ਹੋਏ।ਦਿੱਲੀ ਵਿਖੇ ਸਪਤ ਸ੍ਰਿੰਗ ਅੰਤਰ-ਰਾਸ਼ਟਰੀ ਪੰਜਾਬੀ ਕਵੀ ਸਭਾ ਵਲੋਂ, ਜੀਵਨ ਭਰ ਦੀਆਂ ਪ੍ਰਾਪਤੀਆ ਲਈ ਸ੍ਰ. ਪ੍ਰੀਤਮ ਸਿੰਘ ਕਾਸਦ ਯਾਦਗਾਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਆਲ ਇੰਡੀਆ ਰੇਡੀਓ ਅਤੇ ਦੂਰਦਰਸ਼ਨ ਕੇਂਦਰ ਜਲੰਧਰ ਵਲੋਂ ਕਵੀ ਦਰਬਾਰਾਂ ਦਾ ਸੰਚਾਲਨ ਕੀਤਾ। ਸ੍ਰੀ ਦਸਮੇਸ਼ ਇੰਟਰਨੈਸ਼ਨਲ ਪੰਜਾਬੀ ਕਵੀ ਸਭਾ ਦੇ ਪ੍ਰਧਾਨ ਵਜੋਂ ਸੇਵਾ ਨਿਭਾ ਰਹੇ ਹਨ। e-mail : ksnoor50@gmail.com.

**ਸ੍ਰੀਮਤੀ ਗੁਰਦੀਸ਼ ਕੌਰ ਗਰੇਵਾਲ ਧਾਰਮਿਕ ਅਤੇ ਸਮਾਜਿਕ** ਲੇਖ ਅਤੇ ਕਵਿਤਾਵਾਂ ਲਿਖਦੇ ਹਨ, ਜੋ ਦੁਨੀਆਂ ਭਰ ਵਿੱਚ ਛਪਦੇ ਹਨ। ਉਹ ਵਿਸ਼ਵ ਪੰਜਾਬੀ ਕਵੀ ਸਭਾ ਦੀ ਸਕੱਤਰ ਅਤੇ ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੇ ਜਨਰਲ ਸਕੱਤਰ ਹਨ। ਉਨ੍ਹਾਂ ਨੇ ਸੱਤ ਕਿਤਾਬਾਂ (ਕਵਿਤਾ ਅਤੇ ਵਾਰਤਕ) ਪ੍ਰਕਾਸ਼ਿਤ ਕੀਤੀਆਂ ਹਨ। ਕੈਨੇਡਾ ਦੀ ਫੈਡਰਲ ਸਰਕਾਰ ਦੁਆਰਾ ਦੋ ਵਾਰ ਉਨ੍ਹਾਂ ਨੂੰ ਸਤਿਕਾਰ ਦਿੱਤਾ ਗਿਆ। ਭਾਰਤ ਅਤੇ ਵਿਦੇਸ਼ਾਂ ਵਿੱਚ ਉਨ੍ਹਾਂ ਨੂੰ ਕਈ ਸਨਮਾਨ ਮਿਲੇ। ਉਨ੍ਹਾਂ ਨੂੰ 'ਦੇਸ ਪੰਜਾਬ ਟਾਈਮਜ਼', ਕੈਲਗਰੀ, ਦੁਆਰਾ 'ਭਾਈ ਵੀਰ ਸਿੰਘ ਜੀ' ਅਵਾਰਡ ਨਾਲ ਵੀ ਸਨਮਾਨਿਤ ਕੀਤਾ ਗਿਆ।(e-mail : gurdish.grewal@gmail.com).

**ਪ੍ਰੋਫ਼ੈਸਰ (ਡਾ:) ਸੁਰਜੀਤ ਸਿੰਘ ਭੱਟੀ** ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਮੁਖੀ (ਭੌਤਿਕ ਵਿਗਿਆਨ) ਅਤੇ ਡੀਨ (ਸਾਇੰਸ) ਅਤੇ ਬਾਅਦ ਵਿੱਚ ਅਦੇਸ਼ ਇੰਜੀਨੀਅਰਿੰਗ ਕਾਲਜ ਦੇ ਡਾਇਰੈਕਟਰ-ਪ੍ਰਿੰਸੀਪਲ ਰਹੇ। ਦੋ ਨਵੇਂ ਇੰਜੀਨਿਅਰਿੰਗ ਕਾਲਜਾਂ ਦੀਆਂ ਪ੍ਰਾਜੈਕਟ ਰਿਪੋਰਟਾਂ ਤਿਆਰ ਕਰ ਕੇ, ਭਾਰਤ ਸਰਕਾਰ ਤੋਂ ਪ੍ਰਵਾਨਗੀ ਲਈ ਅਤੇ ਕਾਲਜ ਬਣਾਏ। ਸਿਖਲਾਈ/ਕਾਨਫ਼ਰੰਸਾਂ ਲਈ ਇਟਲੀ, ਇੰਗਲੈਂਡ, ਫਰਾਂਸ, ਅਮਰੀਕਾ ਅਤੇ ਹਾਂਗਕਾਂਗ ਦਾ ਦੌਰਾ ਕੀਤਾ, 12 ਪੀਐਚਡੀ ਖੋਜ ਨਿਬੰਧਾਂ ਦਾ ਮਾਰਗਦਰਸ਼ਨ ਕੀਤਾ, ਸੂਚੀਬੱਧ ਅੰਤਰਰਾਸ਼ਟਰੀ ਰਸਾਲਿਆਂ (ਅਤੇ ਤਿੰਨ ਪੁਸਤਕਾਂ) ਵਿੱਚ 100 ਤੋਂ ਵੱਧ ਪੇਪਰ ਪ੍ਰਕਾਸ਼ਿਤ ਕੀਤੇ ਹਨ। (Blog: www.drssbhatti.ca , e-mail : surjitsinghbhatti@gmail.com).

**ਸੀਮਾ ਸੰਧੂ** (ਅਮ੍ਰਿਤਸਰ ਨਿਵਾਸੀ) ਐਚ. ਆਰ. ਐਗਜ਼ੈਕਟਿਵ ਅਤੇ ਸਫਲ ਲੇਖਿਕਾ ਹਨ।ਅਕਸ, ਅੱਖਰ, ਪ੍ਰਤਿਮਾਨ, ਤ੍ਰਿਸ਼ੰਕੂ, ਏਕਮ, ਫੁਲਵਾੜੀ, ਸ਼ਿਲਾਲੈਖ, ਸੀਰਤ ਕੈਨੇਡਾ, ਪ੍ਰਤਿਲੜੀ ਅਤੇ ਕਈ ਹੋਰ ਮਿਆਰੀ ਰਸਾਲਿਆਂ ਵਿਚ ਇਨ੍ਹਾਂ ਦੇ ਲੇਖ ਛਪਦੇ ਰਹਿੰਦੇ ਹਨ।ਫੋਨ: 98889 40106. mas13611@gmail.com

**ਡਾ. ਕਰਨਲ (ਸੇਵਾਮੁਕਤ) ਦਲਵਿੰਦਰ ਸਿੰਘ ਗਰੇਵਾਲ**, ਪੀ.ਐਚ.ਡੀ., ਸਿੱਖਿਆ ਸ਼ਾਸਤਰੀ ਅਤੇ ਲੇਖਕ ਹਨ। ਉਹ ਡਾਇਰੈਕਟਰ-ਪ੍ਰਿੰਸੀਪਲ ਭਾਈ ਮਹਾਂ ਸਿੰਘ ਇੰਜਨੀਅਰਿੰਗ ਕਾਲਜ, ਮੁਕਤਸਰ, ਡੀਨ ਦੇਸ਼ ਭਗਤ ਯੂਨੀਵਰਸਿਟੀ, ਡਾਇਰੈਕਟਰ-ਪ੍ਰਿੰਸੀਪਲ, ਗੁਰੂ ਨਾਨਕ ਦੇਵ ਇੰਜੀ. ਕਾਲਜ, ਲੁਧਿਆਣਾ; ਸੰਸਥਾਪਕ ਪ੍ਰਿੰਸੀਪਲ ਸੀ.ਟੀ. ਕਾਲਜ ਆਫ਼ ਇੰਜੀ., ਜਲੰਧਰ; ਰਜਿਸਟਰਾਰ, SLIET Longowal, ਅਤੇ ਪ੍ਰਧਾਨ TRIDENT ਗਰੁੱਪ ਰਹਿ ਚੁਕੇ ਹਨ। 100 ਤੋਂ ਵੱਧ ਕਿਤਾਬਾਂ, 350 ਤੋਂ ਵੱਧ ਪੇਪਰ ਪ੍ਰਕਾਸ਼ਿਤ ਕੀਤੇ ਅਤੇ 18 ਪੀ.ਐਚ.ਡੀ./ ਐਮ.ਟੈਕ. ਵਿਦਿਆਰਥੀਆਂ ਦਾ ਮਾਰਗ-ਦਰਸ਼ਨ ਕੀਤਾ। ਉਨ੍ਹਾਂ ਨੂੰ ਵਿਸ਼ਵ ਪੱਧਰ 'ਤੇ ਸਨਮਾਨਿਤ ਕੀਤਾ ਗਿਆ ਹੈ। e-mail : dalvinder45@yahoo.co.in.

**ਸ੍ਰੀਮਤੀ ਅੰਮ੍ਰਿਤਪਾਲ ਕੌਰ** ਨੇ ਐਮ.ਏ (ਅੰਗਰੇਜ਼ੀ), ਐਮ.ਏ (ਧਾਰਮਿਕ ਅਧਿਐਨ) ਅਤੇ ਐਮ.ਐੱਡ. ਡਿਗਰੀਆਂ ਪ੍ਰਾਪਤ ਕੀਤੀਆਂ ਅਤੇ ਅੰਗਰੇਜ਼ੀ ਵਿੱਚ ਲੈਕਚਰਾਰ ਵਜੋਂ ਕੰਮ ਕੀਤਾ। ਉਨ੍ਹਾਂ ਨੇ ਆਲ-ਇੰਡੀਆ ਰੇਡੀਓ, ਜਲੰਧਰ ਦੇ ਪੰਜਾਬੀ ਪ੍ਰੋਗਰਾਮ "ਗੁਰਬਾਣੀ ਵਿਚਾਰ" ਪੇਸ਼ ਕੀਤਾ। 2014 ਵਿੱਚ, ਉਨ੍ਹਾਂ ਨੇ ਸਿੱਖ ਫਿਲਾਸਫੀ 'ਤੇ ਆਪਣੀ ਪਹਿਲੀ ਕਿਤਾਬ ਲਿਖੀ, ਇਸ ਤੋਂ ਬਾਅਦ ਸਿੱਖ ਧਰਮ ਅਤੇ ਸਿੱਖ ਅਧਿਆਤਮਿਕਤਾ 'ਤੇ ਕਈ ਹੋਰ ਕਿਤਾਬਾਂ ਲਿਖੀਆਂ।

**ਸ੍ਰੀਮਤੀ ਬ੍ਰਿਜਮਿੰਦਰ ਕੌਰ** ਨੇ ਦਿੱਲੀ ਯੂਨੀਵਰਸਿਟੀ ਤੋਂ ਬੀ.ਐਸ.ਸੀ ਪ੍ਰਾਪਤ ਕੀਤੀ ਅਤੇ ਬੀ.ਐੱਡ. ਰੋਹਤਕ ਯੂਨੀਵਰਸਿਟੀ (ਹਰਿਆਣਾ) ਤੋਂ। ਉਹ ਮਹਾਰਾਣੀ ਗਾਇਤਰੀ ਦੇਵੀ ਗਰਲਜ਼ ਸਕੂਲ, ਜੈਪੁਰ (ਰਾਜਸਥਾਨ), ਵਿੱਚ ਕੰਮ ਕਰ ਰਹੇ ਹਨ। ਉਹ ਇੱਕ ਨਿਪੁੰਨ ਚਿੱਤਰਕਾਰ ਅਤੇ ਸ਼ਬਦ ਗਾਇਕ ਵੀ ਹਨ। ਉਨ੍ਹਾਂ ਦੀ ਮੁੱਖ ਦਿਲਚਸਪੀ ਮਹਾਨ ਸਿੱਖ ਗੁਰੂਆਂ ਅਤੇ ਗੁਰਬਾਣੀ ਬਾਰੇ ਸਿੱਖਣ ਅਤੇ ਲਿਖਣ ਵਿੱਚ ਹੈ।

**ਰੁਬੀਨਾ ਸਿੰਘ** ਕੈਲਗਰੀ ਯੂਨੀਵਰਸਿਟੀ ਵਿੱਚ ਬੀ.ਐਸ.ਸੀ. ਦੀ ਵਿਦਿਆਰਥਣ ਹੈ। ਉਹ ਨੌਜਵਾਨਾਂ ਵਿੱਚ ਮਾਨਸਿਕ ਸਿਹਤ 'ਤੇ ਅਲਬਰਟਾ ਹੈਲਥ ਸਿਸਟਮ ਪ੍ਰੋਜੈਕਟ ਵਿਚ ਖੋਜਕਾਰ ਰਹੀ ਹੈ। "ਡਾਇਗਨੌਸਟਿਕਸ ਵਿੱਚ ਅਸਮਾਨਤਾਵਾਂ" ਦੀ ਵਾਈਸ ਪ੍ਰੈਜ਼ੀਡੈਂਟ ਹੈ ਜੋ ਔਰਤਾਂ ਦੀ ਸਿਹਤ ਅਤੇ ਉਹਨਾਂ ਦੀ ਜਾਂਚ ਵਿਚ ਕਮੀਆਂ ਨਾਲ ਸੰਬੰਧਤ ਹੈ। ਉਸਨੇ ਕੈਲਗਰੀ ਵਿੱਚ ਫੁੱਟਹਿਲਜ਼ ਮੈਡੀਕਲ ਸੈਂਟਰ ਵਿੱਚ ਵਲੰਟੀਅਰ ਵਜੋਂ 1000 ਘੰਟਿਆਂ ਤੋਂ ਵੱਧ ਸੇਵਾ ਕੀਤੀ। ਉਸ ਨੇ ਪ੍ਰੋਜੈਕਟ (COVID SPEAKS) ਰਾਹੀਂ ਇਸ ਬੀਮਾਰੀ ਦਾ ਸਾਹਮਣਾ ਕਰ ਰਹੇ ਇੱਕ ਭਾਈਚਾਰੇ ਦੀ ਅਗਵਾਈ ਕੀਤੀ।

**ਪਲਵਿੰਦਰ ਸਿੰਘ ਰੰਧਾਵਾ** ਸਰੀ (ਕੈਨੇਡਾ) ਵਿੱਚ ਹਨ। ਉਨ੍ਹਾ ਨੇ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਐਗਰੀਕਲਚਰ ਵਿਚ ਬੀ.ਐਸ.ਸੀ. ਕੀਤੀ। ਪੰਜਾਬ ਦੇ ਇਤਿਹਾਸ, ਸੱਭਿਆਚਾਰ ਅਤੇ ਵਿਰਸੇ ਤੇ ਦੋ ਕਾਵਿ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਹਨ: ਦਿੱਲ ਚੋ ਨਿਕਲੀ ਹੂਕ, ਅਤੇ ਗੂੰਜਦੇ ਬੋਲ। e-mail: ps_randhawa@hotmial.com.

**ਸ੍ਰੀਮਤੀ ਨਰਿੰਦਰ ਕੌਰ**, ਪੰਜਾਬ ਯੂਨੀਵਰਸਿਟੀ ਤੋਂ ਐਮ.ਏ (ਅਰਥ ਸ਼ਾਸਤਰ), ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਐਮ.ਏ. (ਸਮਾਜ ਵਿਗਿਆਨ) ਅਤੇ ਗੋਲਡ ਮੈਡਲ ਨਾਲ, ਐਮ.ਐਸ.ਸੀ. (ਲਾਇਬ੍ਰੇਰੀ ਅਤੇ ਸੂਚਨਾ ਵਿਗਿਆਨ), ਤੋਂ ਬਾਅਦ ਉਨ੍ਹਾਂ ਨੇ ਖਾਲਸਾ ਕਾਲਜ, ਅੰਮ੍ਰਿਤਸਰ, ਵਿੱਚ ਲਾਇਬ੍ਰੇਰੀਅਨ (1980-2005) ਵਜੋਂ ਕੰਮ ਕੀਤਾ, ਕੈਲਗਰੀ ਵਿੱਚ ਰਹਿੰਦੇ ਹਨ।

**ਸ੍ਰੀਮਤੀ ਮਨਪ੍ਰੀਤ ਕੌਰ ਭਾਟੀਆ** ਐਮ.ਏ., ਬੀ.ਐੱਡ. ਫਿਰੋਜ਼ਪੁਰ (ਪੰਜਾਬ) ਵਿੱਚ ਅਧਿਆਪਕ ਹਨ। ਉਹ ਔਰਤਾਂ ਦੀਆਂ ਸਮੱਸਿਆਵਾਂ ਅਤੇ ਵਾਤਾਵਰਣ ਦੇ ਮੁੱਦਿਆਂ 'ਤੇ ਛੋਟੀਆਂ ਕਹਾਣੀਆਂ ਲਿਖਦੇ ਹਨ ਅਤੇ ਪੰਜਾਬ ਯੂਨੀਵਰਸਿਟੀ ਦੁਆਰਾ ਸਨਮਾਨਿਤ ਕੀਤੇ ਗਏ ਹਨ। ਉਹ ਰੇਡੀਓ ਅਤੇ ਟੀਵੀ ਪੇਸ਼ਕਾਰੀਆਂ ਵੀ ਕਰਦੇ ਹਨ।

**ਬਲਕਾਰ ਸਿੰਘ,** ਬੀ.ਐੱਡ. ਅਤੇ ਐੱਮ.ਏ.(ਇਤਿਹਾਸ) ਕਰ ਕੇ ਸਮਾਜ ਸੇਵਾ ਵਿਚ ਲਗੇ ਹਨ। ਪੰਜਾਬੀ ਸਾਹਿਤ ਸਭਾ ਸ੍ਰੀ ਕਤਸਰ ਸਾਹਬ, ਮਹਿਕ ਪੰਜਾਬ ਦੀ ਗਰੁੱਪ, ਮਾਤਾ ਗੁਜਰੀ ਕਾਲਜ ਫਤਿਹਗੜ੍ਹ ਅਤੇ ਪੰਜਾਬੀ ਟ੍ਰਿਬਿਊਨ ਵੱਲੋਂ ਸਨਮਾਨ ਮਿਲੇ। ਰੇਡਿਓ ਪਰਵਾਜ਼, ਸਾਂਝੀ ਆਵਾਜ਼ ਤੇ ਪੰਜਾਬੀ ਸੱਥ ਮੈਲਬੋਰਨ ਰੇਡਿਓ ਤੇ ਪੰਜਾਬੀ ਯੂ ਟਿਊਬ ਤੇ ਮਿੰਨੀ ਕਹਾਣੀਆਂ ਦੀਆਂ ਵੀਡੀਓਜ਼ ਹਨ। ਫ਼ਿਲਮ ‘ਸੋਚ ਬਦਲੋ, ਪੰਜਾਬ ਬਚਾਓ’ ਵਿੱਚ ਅਦਾਕਾਰ ਵੀ ਕੀਤੀ।

# <u>ਲੇਖਕਾਂ ਲਈ ਜ਼ਰੂਰੀ ਜਾਣਕਾਰੀ</u>

1. **ਮੈਗਜ਼ੀਨ ਦੀ ਨੀਤੀ**: ਪੰਜਾਬੀ ਭਾਸ਼ਾ, ਸੱਭਿਆਚਾਰ, ਇਤਿਹਾਸ ਅਤੇ ਵਿਰਾਸਤ ਨੂੰ ਪ੍ਰਫੁੱਲਤ ਕਰਨ ਲਈ ਧਰਮ-ਨਿਰਪੱਖ, ਗੈਰ-ਸਿਆਸੀ, ਗੈਰ-ਨਿੱਜੀ ਲੇਖ/ਕਵਿਤਾਵਾਂ (ਹੀ) ਛਾਪਣਾ।
2. **ਪ੍ਰਕਾਸ਼ਨ**: ਸੰਪਾਦਕੀ ਬੋਰਡ ਦੁਆਰਾ ਸਮੀਖਿਆ ਦੇ ਅਧੀਨ (ਨੀਤੀ ਅਨੁਸਾਰ) ਹੀ ਹੋਵੇਗਾ।
3. **ਸੰਪਾਦਕੀ ਬੋਰਡ**: ਲੇਖਕਾਂ/ਕਵੀਆਂ ਦੇ ਵਿਚਾਰਾਂ ਲਈ ਜ਼ਿੰਮੇਵਾਰ ਨਹੀਂ ਹੋਵੇਗਾ।ਇਸ ਦੀ ਪੂਰੀ **ਜ਼ਿਮੇਵਾਰੀ ਕੇਵਲ ਲੇਖਕਾਂ/ਕਵੀਆਂ ਦੀ ਆਪਣੀ ਹੀ ਹੋਵੇਗੀ।**
4. **ਟਾਈਪਿੰਗ ਫਾਰਮੈਟ**: ਲਿਖਤ ਪੰਜਾਬੀ ਵਿੱਚ ਸਿੰਗਲ ਕਾਲਮ (ਸਧਾਰਨ) ਅਨਮੋਲ ਲਿਪੀ ਵਿਚ ਹੋਵੇ। ਪ੍ਰਿੰਟ-ਸਕ੍ਰੀਨ, ਫੋਟੋਕਾਪੀਆਂ ਅਤੇ ਸਨਿੱਪ-ਟੂਲ ਸਵੀਕਾਰਯੋਗ ਨਹੀਂ ਹੋਣਗੇ।
5. **ਅੰਗਰੇਜ਼ੀ ਸ਼ਬਦ**: ਟਾਈਮਜ਼ ਨਿਊ ਰੋਮਨ, ਫੌਂਟ ਦਾ ਆਕਾਰ (14, ਪਰ ਬੋਲਡ ਨਹੀਂ) ਹੋਣ।
6. **ਲਾਈਨ ਸਪੇਸਿੰਗ**: ਸਿਰਫ਼ ਲੈਪਟੌਪ ਅਨੁਸਾਰ ਸਿੰਗਲ (1.0) ਸਪੇਸਿੰਗ।
7. **ਹਾਸ਼ੀਏ**: ਦੋਵੇਂ ਪਾਸੇ, ਉੱਪਰ ਅਤੇ ਹੇਠਾਂ: ਇੱਕ ਇੰਚ ਹੋਵੇ (ਜੋ ਆਮ ਹੁੰਦਾ ਹੈ)।
8. **ਲਿਖਤ ਦੀ ਹੈਡਿੰਗ**: ਫੌਂਟ ਸਾਈਜ਼ (14, ਬੋਲਡ), ਪੰਜਾਬੀ ਵਿੱਚ, (ਸਧਾਰਨ) ਅਨਮੋਲ ਲਿਪੀ।
9. **ਲੇਖਕ ਦਾ ਨਾਮ**: ਫੌਂਟ ਸਾਈਜ਼ (14, ਬੋਲਡ ਨਹੀਂ); ਅੱਗੇ ਸ਼ਹਿਰ ਦਾ ਨਾਮ ਅਤੇ (ਦੇਸ਼)।
10. **ਲੇਖਕ ਦੇ ਵਿਕਲਪ**: ਲੇਖਕ/ਕਵੀ ਸ਼ੁਰੂ ਵਿਚ ਆਪਣੇ ਨਾਮ ਦੇ ਹੇਠਾਂ (ਜੇ ਚਾਹੁਣ ਤਾਂ) ਆਪਣੀ ਫੋਟੋ, ਫ਼ੋਨ ਨੰਬਰ, ਈ-ਮੇਲ, ਵੱਟਸਐਪ ਦੇ ਸਕਦੇ ਹਨ (ਪਰ ਇਹ ਜ਼ਰੂਰੀ ਨਹੀਂ ਹੈ)।
11. **ਜਾਣ-ਪਛਾਣ ਲਈ:** ਸੰਖੇਪ (4 ਲਾਈਨਾਂ ਵਿਚ) ਆਪਣੇ ਬਾਰੇ ਜਾਣਕਾਰੀ ਦਿਓ ਜੀ।
12. **ਲੇਖ/ਕਵਿਤਾ**: ਸਿਰਫ ਈਮੇਲ ਦੁਆਰਾ ਲੈਪਟੌਪ ਤੋਂ ਹੀ ਭੇਜੋ, ਮੋਬਾਈਲ ਤੋਂ ਨਹੀਂ ।
13. **ਲਿਖਤ ਦੀ ਲੰਬਾਈ**: ਲੈਪਟਾਪ ਦੇ ਉਪੱਰ ਦੱਸੇ ਫਾਰਮੈਟ ਵਿੱਚ ਵੱਧ ਤੋਂ ਵੱਧ ਦੋ ਪੰਨੇ (450 ਸ਼ਬਦਾਂ ਤਕ ਇਕ ਸਫੇ ਉਤੇ)। (ਫੋਟੋ ਸਪੇਸ ਸਮੇਤ, ਜੇ ਲੇਖਕ ਨੇ ਫੋਟੋ ਲਾਉਣੀ ਹੈ ਤਾਂ)।
14. **ਲੰਬੇ ਲੇਖ**: ਵੈੱਬਸਾਈਟ (sanjihivrasat.org) ਦੇ ਬਲ਼ੌਗ (Blog) 'ਤੇ ਪਾ ਦਿੱਤੇ ਜਾਣਗੇ।
15. **ਮੌਲਿਕਤਾ**: ਲੇਖਕ ਲਿਖ ਭੇਜਣ ਕਿ ਕਾਪੀਰਾਈਟ ਉਲੰਘਣਾ (Copyright Infringement) ਨਹੀਂ ਹੋਈ ਹੈ। ਇਹ ਲੇਖ/ਕਵਿਤਾ ਵਾਲੀ ਈਮੇਲ ਦੇ ਨਾਲ ਹੀ ਹੋਣੀ ਜ਼ਰੂਰੀ ਹੈ।
16. **ਹਵਾਲੇ** (References): ਲੇਖ ਦਾ ਟਾਈਟਲ, ਮੂਲ ਲੇਖਕ ਅਤੇ ਜਰਨਲ/ਕਿਤਾਬ ਦਾ ਨਾਮ ਤੇ ਸਾਲ ਦਿਓ। ਗੁਰਬਾਣੀ ਦਾ ਸਰੋਤ ਤੇ ਪੰਨਾ ਨੰਬਰ ਦਿਓ। ਫੋਟੋ (ਜੇ ਹੈ ਤਾਂ) ਕਿਥੋਂ ਲਈ ਗਈ ਹੈ, ਲਿਖਣਾ ਜ਼ਰੂਰੀ ਹੈ।

**Important Information for Authors**

1. Magazine Policy :To Promote Punjabi Culture, History & Heritage using Secular, Non-Political, Non-Personal Articles/Poems.
2. Publication : Subject to Review by an Editorial Board (as per policy).
3. Editorial Board : Will not be responsible for the views of Authors /Poets.
4. Typing Format : Single column in Panjabi (Simple) Anmol Lipi, 12 font. (Print-screen, Photocopy and Snip-tool not Acceptable)
5. English words : Times New Roman, Font size (14, not bold).
6. Line Spacing : Single Spacing (1.0) on Laptop.
7. Margins : Both Sides, Above and Below: One Inch (is normal)
8. Article Heading : Font size (14, bold), in Panjabi, (Simple) Anmol Lipi.
9. Author's Name : Font Size (14, not bold); and Name of city (Country).
10. Author's Options : May (or may not) give his/her Photo, Phone, e-mail, Or WhatsApp Address for publication
11. Introduction : of the Author may be given in brief (4 lines)
12. Authors' mail : Authors should send their Articles/Poems by e-mail only.
13. Maximum Length : Two pages (900 words) in WORD format of Laptop. (Including Photo space if Author has opted for it).
14. Longer Articles : To be placed on BLOG on Website *(sanjhivirasat.org)*.
15. Originality : Authors will certify there is No Copyright Infringement.
16. References : Articles (Author, Title, Journal/Book, Year), Gurbani (Source, page), Photo (Acknowledgement) required.

**ਸੰਪਾਦਕੀ ਮੰਡਲ**






ਡਾ. ਰਾਜਾ ਬਲਰਾਜ ਸਿੰਘ | ਸ੍ਰੀਮਤੀ ਗੁਰਦੀਸ਼ ਕੌਰ ਗਰੇਵਾਲ | ਪ੍ਰੋਫ਼ੈਸਰ ਮਨਿੰਦਰ ਸਿੰਘ | ਡਾ. ਕਾਬਲ ਸਿੰਘ






ਡਾ. ਬਲਦੇਵ ਸਿੰਘ | ਸ. ਜਗਬੀਰ ਸਿੰਘ ਕੋਹਲੀ | ਸ. ਪਰਮਜੀਤ ਸਿੰਘ | ਪ੍ਰਿਸੀਪਲ ਮਨਮੋਹਨ ਕੌਰ




ਡਾ. ਰਾਜਬੀਰ ਸਿੰਘ ਭੱਟੀ | ਡਾ. ਸੁਰਜੀਤ ਸਿੰਘ ਭੱਟੀ

**ਸਲਾਹਕਾਰ**






ਡਾ. ਕਾਲਾ ਸਿੰਘ | ਡਾ. ਡੀ. ਪੀ ਸਿੰਘ | ਡਾ. ਜਗਜੀਤ ਸਿੰਘ | ਡਾ. ਦਵਿੰਦਰ ਸਿੰਘ ਸੇਖੋਂ